ਕੈਨੇਡੀਅਨ
# ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 170 Friday, September 04, 2020 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


## 15000 ਲੋਕਾਂ ਨੂੰ ਸਕਿੱਲਸ ਟ੍ਰੇਨਿੰਗ ਮੁਹੱਈਆ ਕਰਵਾਉਣ ਲਈ ਓਨਟਾਰੀਓ ਸਰਕਾਰ ਕਰੇਗੀ 37 ਮਿਲੀਅਨ ਡਾਲਰ ਦਾ ਨਿਵੇਸ਼




ਟੋਰਾਂਟੋ, 3 ਸਤੰਬਰ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਪ੍ਰੋਵਿੰਸ ਦੇ 15000 ਬਸ਼ਿੰਦਿਆਂ ਨੂੰ ਅਜਿਹੀ ਸਕਿੱਲਜ਼ ਟਰੇਨਿੰਗ ਦੇਣ ਦੀ ਤਿਆਰੀ ਕਰ ਰਹੀ ਹੈ ਜਿਹੜੇ ਕਾਫੀ ਡਿਮਾਂਡ ਵਿੱਚ ਹਨ। ਇਸ ਉੱਤੇ ਓਨਟਾਰੀਓ ਸਰਕਾਰ 37 ਮਿਲੀਅਨ ਡਾਲਰ ਖਰਚ ਕਰੇਗੀ।

ਪ੍ਰੀਮੀਅਰ ਡੱਗ ਫੋਰਡ ਵੱਲੋਂ ਵੀਰਵਾਰ ਨੂੰ ਹੈਮਿਲਟਨ, ਓਨਟਾਰੀਓ ਵਿੱਚ ਲੇਬਰ, ਟਰੇਨਿੰਗ ਐਂਡ ਸਕਿੱਲਜ਼ ਡਿਵੈਲਪਮੈਂਟ ਮੰਤਰੀ ਮੌਂਟੀ ਮੈਕਨੌਟਨ ਤੇ ਓਨਟਾਰੀਓ ਦੀ ਪ੍ਰੋਵਿੰਸ਼ੀਅਲ ਬਿਲਡਿੰਗ ਐਂਡ ਕੰਸਟ੍ਰਕਸ਼ਨ ਟਰੇਡਜ਼ ਕਾਊਂਸਲ ਦੀ ਮੌਜੂਦਗੀ ਵਿੱਚ ਇਸ ਸਬੰਧੀ ਐਲਾਨ ਕੀਤਾ ਗਿਆ। ਫੋਰਡ ਨੇ ਆਖਿਆ ਕਿ ਹੁਣ ਜਦੋਂ ਪ੍ਰੋਵਿੰਸ ਭਰ ਵਿੱਚ ਆਧੁਨਿਕ ਇਨਫਰਾਸਟ੍ਰਕਚਰ ਦੇ ਨਿਰਮਾਣ ਵੱਲ ਸਾਡੇ ਵੱਲੋਂ ਧਿਆਨ ਦਿੱਤਾ ਜਾ ਰਿਹਾ ਹੈ ਤਾਂ ਸਾਨੂੰ ਵੱਧ ਤੋਂ ਵੱਧ ਇਲੈਕਟ੍ਰੀਸ਼ੀਅਨਜ਼, ਵੈਲਡਰਜ਼, ਕਾਰਪੇਂਟਰਜ਼ ਤੇ ਕੰਸਟ੍ਰਕਸ਼ਨ ਵਰਕਰਜ਼ ਦੀ ਲੋੜ ਹੋਵੇਗੀ।

ਉਨ੍ਹਾਂ ਸਪਸ਼ਟ ਕੀਤਾ ਕਿ ਇਸ ਬਹੁ-ਕਰੋੜੀ ਨਿਵੇਸ਼ ਨਾਲ ਕੁੱਲ 86 ਪ੍ਰੋਜੈਕਟ ਤਿਆਰ ਕੀਤੇ ਜਾਣਗੇ ਤੇ ਇਸ ਦੌਰਾਨ ਤਕਨਾਲੋਜੀ, ਐਡਵਾਂਸਡ ਮੈਨੂਫੈਕਚਰਿੰਗ, ਟਰੱਕ ਡਰਾਈਵਿੰਗ, ਕੰਸਟ੍ਰਕਸ਼ਨ ਤੇ ਬਾਗਬਾਨੀ ਵਾਸਤੇ ਟਰੇਨਿੰਗ ਵੀ ਮੁਹੱਈਆ ਕਰਵਾਈ ਜਾਵੇਗੀ। ਪ੍ਰੋਵਿੰਸ ਨੇ ਆਖਿਆ ਕਿ ਇਨ੍ਹਾਂ ਪ੍ਰੋਗਰਾਮਾਂ ਵਿੱਚ ਇੰਟਰਨਸ਼ਿਪਸ ਤੇ ਲਰਨਿੰਗ ਲਈ ਹੋਰ ਤਜਰਬੇ ਮੁਹੱਈਆ ਕਰਵਾਏ ਜਾਣਗੇ।

...ਬਾਕੀ ਪੰਨਾ 6 'ਤੇ

## ਡਫਰਿਨ ਤੇ ਹਾਈਵੇਅ 401 ਨੇੜੇ ਗੋਲੀ ਚੱਲੀ, ਇੱਕ ਜ਼ਖ਼ਮੀ



ਡਫਰਿਨ, 3 ਸਤੰਬਰ (ਪੋਸਟ ਬਿਊਰੋ) : ਡਫਰਿਨ ਸਟਰੀਟ ਤੇ ਹਾਈਵੇਅ 401 ਨੇੜੇ ਚੱਲਦੀ ਗੱਡੀ ਵਿੱਚੋਂ ਕਿਸੇ ਵੱਲੋਂ ਇੱਕ ਵਿਅਕਤੀ ਨੂੰ ਗੋਲੀ ਮਾਰ ਦਿੱਤੀ ਗਈ, ਜਿਸ ਕਾਰਨ ਉਹ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ।

ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਤੀਂ 8:00 ਵਜੇ ਡਫਰਿਨ ਤੇ ਬ੍ਰਿਜਲੈਂਡ ਐਵਨਿਊ ਸੱਦਿਆ ਗਿਆ। ਉਨ੍ਹਾਂ ਨੂੰ ਦੱਸਿਆ ਗਿਆ ਕਿ ਉੱਥੇ ਕਿਸੇ ਕਾਰੋਬਾਰੀ ਅਦਾਰੇ ਉੱਤੇ ਗੋਲੀਆਂ ਚਲਾਈਆਂ ਗਈਆਂ ਹਨ। ਮੌਕੇ ਉੱਤੇ ਪਹੁੰਚੇ ਪੁਲਿਸ ਅਧਿਕਾਰੀਆਂ ਨੂੰ ਗੋਲੀ ਚੱਲਣ ਦੇ ਸਬੂਤ ਮਿਲੇ ਤੇ ਗੋਲੀਆਂ ਦੇ ਖੋਲ ਵੀ ਮਿਲੇ ਪਰ ਉੱਥੇ ਉਨ੍ਹਾਂ ਨੂੰ ਅਜਿਹਾ ਕੋਈ ਸ਼ਖ਼ਸ ਨਹੀਂ ਮਿਲਿਆ ਜਿਸ ਨੂੰ ਗੋਲੀ ਲੱਗੀ ਹੋਵੇ।

ਇਸ ਤੋਂ ਕੁੱਝ ਦੇਰ ਬਾਅਦ ਹੀ ਇੱਕ ਵਿਅਕਤੀ ਗੋਲੀ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਲੋਕਲ ਹਸਪਤਾਲ ਪਹੁੰਚਿਆ। ਇਹ ਵੀ ਪਤਾ ਲੱਗਿਆ ਕਿ ਇਹ ਉਹੀ ਵਿਅਕਤੀ ਹੈ ਜਿਹੜਾ ਡਫਰਿਨ ਵਿੱਚ ਚੱਲੀ ਗੋਲੀ ਲੱਗਣ ਕਾਰਨ ਜ਼ਖ਼ਮੀ ਹੋਇਆ। ਜਾਂਚਕਾਰਾਂ ਦਾ ਕਹਿਣਾ ਹੈ ਕਿ ਉਹ ਇਸ ਜੁਰਮ ਲਈ ਵਰਤੀ ਗਈ ਚਿੱਟੇ ਰੰਗ ਦੀ ਮਰਸਡੀਜ਼ ਦੀ ਭਾਲ ਕਰ ਰਹੇ ਹਨ ਜਿਸ ਨੂੰ ਆਖਰੀ ਵਾਰੀ ਬ੍ਰਿਜਲੈਂਡ ਐਵਨਿਊ ਵੱਲ ਜਾਂਦਿਆਂ ਵੇਖਿਆ ਗਿਆ।

## ਇੰਡਸਟਰੀਅਲ ਏਰੀਆ ਵਿੱਚ ਲੱਗੀ ਜ਼ਬਰਦਸਤ ਅੱਗ 'ਤੇ ਕਾਬੂ ਪਾਉਣ ਲਈ ਪੂਰੀ ਕੋਸ਼ਿਸ਼ ਕਰ ਰਿਹਾ ਹੈ ਫਾਇਰ ਅਮਲਾ



ਟੋਰਾਂਟੋ, 3 ਸਤੰਬਰ (ਪੋਸਟ ਬਿਊਰੋ) : ਸਕਾਰਬੌਰੋ ਦੇ ਇੰਡਸਟਰੀਅਲ ਏਰੀਆ ਵਿੱਚ ਲੱਗੀ ਜ਼ਬਰਦਸਤ ਅੱਗ ਉੱਤੇ ਕਾਬੂ ਪਾਉਣ ਲਈ ਫਾਇਰ ਅਮਲੇ ਵੱਲੋਂ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਮਿਡਲਫੀਲਡ ਰੋਡ ਨੇੜੇ ਪਾਸਮੋਰ ਐਵਨਿਊ ਉੱਤੇ ਇਹ ਅੱਗ ਰਾਤੀਂ 2:00 ਵਜੇ ਲੱਗੀ। ਹੈਲੀਕਾਪਟਰ ਰਾਹੀਂ ਖਿੱਚੀਆਂ ਤਸਵੀਰਾਂ ਤੋਂ ਪਤਾ ਲੱਗਦਾ ਹੈ ਕਿ ਅੱਗ ਕਿੰਨੀ ਜ਼ਬਰਦਸਤ ਹੈ। ਤਸਵੀਰਾਂ ਵਿੱਚ ਅੱਗ ਬਿਲਡਿੰਗ ਦੀ ਛੱਤ ਦੇ ਉੱਪਰੋਂ ਭਬਕਦੀ ਨਜ਼ਰ ਆ ਰਹੀ ਹੈ। ਜਿਸ ਬਿਲਡਿੰਗ ਵਿੱਚ ਅੱਗ ਲੱਗੀ ਹੈ ਉਸ ਨੂੰ ਪ੍ਰੋਸੈਸਿੰਗ ਫੈਸਿਲਿਟੀ ਦੱਸਿਆ ਜਾ ਰਿਹਾ ਹੈ।

ਕਈ ਕਿਲੋਮੀਟਰ ਤੋਂ ਵੀ ਇੱਥੋਂ ਨਿਕਲਣ ਵਾਲੇ ਗਾੜ੍ਹੇ ਧੂੰਏਂ ਨੂੰ ਵੇਖਿਆ ਜਾ ਸਕਦਾ ਹੈ। ਟੋਰਾਂਟੋ ਫਾਇਰ ਸਰਵਿਸਿਜ਼ ਨੇ ਦੱਸਿਆ ਕਿ ਉਨ੍ਹਾਂ ਨੂੰ ਅੱਗ ਉੱਤੇ ਕਾਬੂ ਪਾਉਣ ਲਈ ਕਾਫੀ ਮਸ਼ੱਕਤ ਕਰਨੀ ਪੈ ਰਹੀ ਹੈ। ਟੋਰਾਂਟੋ ਫਾਇਰ ਨੇ ਦੱਸਿਆ ਕਿ ਅੱਗ ਬਿਲਡਿੰਗ ਦੀ ਛੱਤ ਤੋਂ ਹੀ ਸ਼ੁਰੂ ਹੋਈ ਤੇ ਫਿਰ ਫੌਰੀ ਤੌਰ ਉੱਤੇ ਬਿਲਡਿੰਗ ਖਾਲੀ ਕਰਵਾਉਣੀ ਪਈ। ਅਜੇ ਤੱਕ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ। ਅੱਗ ਉੱਤੇ ਕਾਬੂ ਪਾਏ ਜਾਣ ਤੱਕ ਕਈ ਰੋਡਜ਼ ਨੂੰ ਬਲਾਕ ਜ਼ਰੂਰ ਕੀਤਾ ਗਿਆ ਹੈ।

## ਟਰੂਡੋ ਤੇ ਉਨ੍ਹਾਂ ਦੀ ਪਤਨੀ ਨੇ ਆਪਣੇ ਬੱਚਿਆਂ ਨੂੰ ਸਕੂਲ ਭੇਜਣ ਦਾ ਕੀਤਾ ਫੈਸਲਾ



ਟੋਰਾਂਟੋ, 3 ਸਤੰਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਉਨ੍ਹਾਂ ਦੀ ਪਤਨੀ ਸੋਫੀ ਗ੍ਰੈਗੋਇਰ ਟਰੂਡੋ ਨੇ ਆਪਣੇ ਬੱਚਿਆਂ ਨੂੰ ਸਕੂਲ ਭੇਜਣ ਦਾ ਫੈਸਲਾ ਕੀਤਾ ਹੈ। ਅਜੇ ਕੁੱਝ ਹਫਤੇ ਪਹਿਲਾਂ ਹੀ ਟਰੂਡੋ ਨੇ ਇਹ ਮੰਨਿਆਂ ਸੀ ਕਿ ਉਹ ਆਪਣੇ ਬੱਚਿਆਂ ਨੂੰ ਸਕੂਲ ਭੇਜਣ ਦੇ ਨਾਂ ਉੱਤੇ ਵੱਡੀ ਦੁਚਿੱਤੀ ਵਿੱਚ ਹਨ।

ਪ੍ਰਧਾਨ ਮੰਤਰੀ ਆਫਿਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਟਰੂਡੋ ਦੇ ਤਿੰਨੇ ਬੱਚੇ ਸਕੂਲ ਜਾ ਕੇ ਪੜ੍ਹਾਈ ਕਰਨਗੇ। ਟਰੂਡੋ ਦੇ ਤਿੰਨੇ ਬੱਚੇ ਓਨਟਾਰੀਓ ਦਾ ਪਬਲਿਕ ਸਕੂਲ ਅਟੈਂਡ ਕਰਨਗੇ। ਅਗਸਤ ਦੇ ਮੱਧ ਵਿੱਚ ਪਾਰਲੀਆਮੈਂਟ ਦੀ ਕਾਰਵਾਈ ਮੁਲਤਵੀ ਕਰਨ ਸਮੇਂ ਇੱਕ ਪ੍ਰੈਸ ਕਾਨਫਰੰਸ ਦੌਰਾਨ ਟਰੂਡੋ ਨੇ ਆਖਿਆ ਕਿ ਸੀ ਕਿ ਉਨ੍ਹਾਂ ਦੇ ਘਰ ਵਿੱਚ ਇਹ ਵਿਚਾਰ ਵਟਾਂਦਰਾ ਜ਼ੋਰਾਂ ਸ਼ੋਰਾਂ ਨਾਲ ਚੱਲ ਰਿਹਾ ਹੈ ਕਿ ਉਨ੍ਹਾਂ ਦੇ ਬੱਚਿਆਂ ਨੂੰ ਸਕੂਲ ਜਾਣਾ ਚਾਹੀਦਾ ਹੈ ਜਾਂ ਘਰ ਰਹਿ ਕੇ ਪੜ੍ਹਾਈ ਕਰਨੀ ਚਾਹੀਦੀ ਹੈ। ਉਨ੍ਹਾਂ ਇਹ ਵੀ ਆਖਿਆ ਸੀ ਕਿ ਉਹ ਜਾਣਦੇ ਹਨ ਕਿ ਮਾਪੇ ਬਹੁਤ ਹੀ ਧਿਆਨ ਨਾਲ ਇਹ ਸੋਚ ਵਿਚਾਰ ਕਰ ਰਹੇ ਹਨ ਕਿ ਉਨ੍ਹਾਂ ਦੇ ਬੱਚਿਆਂ ਲਈ ਸਕੂਲ ਬੋਰਡ ਕੀ ਯੋਜਨਾ ਬਣਾ ਰਹੇ ਹਨ ਤੇ ਲੋਕਲ ਸਕੂਲ ਉਨ੍ਹਾਂ ਦੇ ਬੱਚਿਆਂ ਨੂੰ ਸੁਰੱਖਿਅਤ ਰੱਖਣ ਲਈ ਕੀ ਪਲੈਨ ਪੇਸ਼ ਕਰਨਗੇ। ਉਨ੍ਹਾਂ ਉਦੋਂ ਇਹ ਵੀ ਆਖਿਆ ਸੀ ਕਿ ਉਨ੍ਹਾਂ ਦੇ ਕੁੱਝ ਦੋਸਤ, ਜੋ ਪੇਰੈਂਟਸ ਵੀ ਹਨ ਇਸ ਮਸਲੇ ਨਾਲ ਹੀ ਜੂਝ ਰਹੇ ਹਨ।

ਇੱਥੇ ਦੱਸਣਾ ਬਣਦਾ ਹੈ ਕਿ ਕੰਜ਼ਰਵੇਟਿਵ ਆਗੂ ਐਰਿਨ ਓਟੂਲ ਤੇ ਉਨ੍ਹਾਂ ਦੀ ਪਤਨੀ ਨੇ ਵੀ ਆਪਣੇ ਦੋਵਾਂ ਬੱਚਿਆਂ ਨੂੰ ਸਕੂਲ ਭੇਜਣ ਦਾ ਫੈਸਲਾ ਕੀਤਾ ਹੈ। ਓਟੂਲ ਨੇ ਆਖਿਆ ਕਿ ਉਨ੍ਹਾਂ ਨੂੰ ਆਪਣੇ ਸਕੂਲਾਂ ਉੱਤੇ ਪੂਰਾ ਭਰੋਸਾ ਹੈ ਤੇ ਉਨ੍ਹਾਂ ਨੂੰ ਇਹ ਵੀ ਯਕੀਨ ਹੈ ਕਿ ਸਕੂਲਾਂ ਵੱਲੋਂ ਬੱਚਿਆਂ ਲਈ ਜੋ ਵੀ ਪਲੈਨ ਲਿਆਂਦਾ ਜਾ ਰਿਹਾ ਹੋਵੇਗਾ ਉਹ ਬਿਹਤਰ ਹੀ ਹੋਵੇਗਾ। ਓਟੂਲ ਨੇ ਆਖਿਆ ਕਿ ਬੱਚਿਆਂ ਲਈ ਆਈਸੋਲੇਸ਼ਨ ਬਹੁਤ ਔਖੀ ਹੈ ਤੇ ਵਿਦਿਆਰਥੀਆਂ ਲਈ ਸਹੀ ਸੇਫਟੀ ਪ੍ਰੋਟੋਕਾਲ ਨਾਲ ਸਕੂਲ ਪਰਤਣਾ ਠੀਕ ਰਹੇਗਾ।


Best Insurance Rates
-Auto -Home -Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
- Home
- Business
- Life Insurance
- Auto
- Trucking
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on.
Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

NM Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
- Best INR Rate
- Fastest Service
- 24x7 Service
- Secure Transaction
- Special Business Account
Send - Exchange - Receive
Toll Free: 1833 823 5439 | 647 783 0049

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
- Custom Kitchen Cabinets
- Legal Basement
- Completly Furnished
- Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Canadian National Forklift Safety Group
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL
416 938 4598

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

You can Place Your Business Here To Reach Wider Audience
CALL: 905-793-2202


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE
TALK, TEXT &
DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
905-451-0379
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2020

# ਮਨੁੱਖੀ ਅਧਿਕਾਰਾਂ ਸਬੰਧੀ ਗਰੁੱਪ ਵੱਲੋਂ ਅੱਥਰੂ ਗੈਸ ’ਤੇ ਪਾਬੰਦੀ ਲਾਉਣ ਦੀ ਕੀਤੀ ਜਾ ਰਹੀ ਹੈ ਮੰਗ



ਟੋਰਾਂਟੋ, 3 ਸਤੰਬਰ (ਪੋਸਟ ਬਿਊਰੋ) : ਯੂਨੀਵਰਸਿਟੀ ਆਫ ਟੋਰਾਂਟੋ ਦੇ ਮਨੁੱਖੀ ਅਧਿਕਾਰਾਂ ਸਬੰਧੀ ਗਰੁੱਪ ਵੱਲੋਂ ਦੰਗੇ ਰੋਕਣ ਲਈ ਅੱਥਰੂ ਗੈਸ ਦੀ ਵਰਤੋਂ ਉੱਤੇ ਪਾਬੰਦੀ ਲਾਏ ਜਾਣ ਦੀ ਮੰਗ ਕੀਤੀ ਗਈ ਹੈ। ਇਸ ਗਰੁੱਪ ਦਾ ਤਰਕ ਹੈ ਕਿ ਪੁਲਿਸ ਅਕਸਰ ਇਸ ਰਸਾਇਣਿਕ ਹਥਿਆਰ ਦੀ ਦੁਰਵਰਤੋਂ ਕਰਦੀ ਹੈ ਤੇ ਇਸ ਨਾਲ ਸ਼ਾਂਤਮਈ ਢੰਗ ਨਾਲ ਮੁਜ਼ਾਹਰਾ ਕਰ ਰਹੇ ਲੋਕਾਂ ਜਾਂ ਮਾਸੂਮ ਰਾਹਗੀਰਾਂ ਨੂੰ ਵੀ ਨੁਕਸਾਨ ਪਹੁੰਚਦਾ ਹੈ।

ਵੀਰਵਾਰ ਨੂੰ ਜਾਰੀ ਰਿਪੋਰਟ ਵਿੱਚ ਯੂਨੀਵਰਸਿਟੀ ਆਫ ਟੋਰਾਂਟੋ ਦੇ ਇੰਟਰਨੈਸ਼ਨਲ ਹਿਊਮਨ ਰਾਈਟਸ ਪ੍ਰੋਗਰਾਮ (ਆਈਐਚਆਰਪੀ) ਵੱਲੋਂ ਸਰਕਾਰਾਂ ਦੇ ਸਾਰੇ ਪੱਧਰਾਂ ਤੋਂ ਮੰਗ ਕੀਤੀ ਗਈ ਕਿ ਅੱਥਰੂ ਗੈਸ ਦੀ ਵਰਤੋਂ ਉੱਤੇ ਮੁਕੰਮਲ ਪਾਬੰਦੀ ਲਾਈ ਜਾਵੇ, ਇਸ ਰਸਾਇਣਿਕ ਹਥਿਆਰ ਦੇ ਮੌਜੂਦ ਭੰਡਾਰ ਨੂੰ ਖਤਮ ਕੀਤਾ ਜਾਵੇ ਤੇ ਇਸ ਦੇ ਹਰ ਕਿਸਮ ਦੇ ਐਕਸਪੋਰਟ, ਇੰਪੋਰਟ ਤੇ ਇਸ ਦੇ ਉਤਪਾਦਨ ਉੱਤੇ ਰੋਕ ਲਾਈ ਜਾਵੇ।

ਆਈਐਚਆਰਪੀ ਦੇ ਰਿਸਰਚ ਐਸੋਸਿਏਟ ਤੇ ਇਸ ਰਿਪੋਰਟ ਦੇ ਕੋ-ਆਥਰ ਵਿੰਸੈਂਟ ਵੌਂਗ ਨੇ ਇੱਕ ਇੰਟਰਵਿਊ ਵਿੱਚ ਆਖਿਆ ਕਿ ਇਹ ਗੈਸ ਐਨੀ ਖਤਰਨਾਕ ਹੈ ਕਿ ਇਹ ਤੜਥੱਲੀ ਮਚਾ ਰਹੇ ਮੁਜ਼ਾਹਰਾਕਾਰੀਆਂ, ਸ਼ਾਂਤਮਈ ਢੰਗ ਨਾਲ ਰੋਸ ਜਤਾ ਰਹੇ ਲੋਕਾਂ ਤੇ ਸਿਰਫ ਉੱਥੇ ਖੜ੍ਹ ਕੇ ਸੱਭ ਕੁੱਝ ਵੇਖਣ ਵਾ-ਲਿਆਂ ਉੱਤੇ ਮਾੜਾ ਅਸਰ ਹੀ ਪਾਉਂਦੀ ਹੈ। ਇਸ ਗੈਸ ਦੀ ਦੁਰਵਰਤੋਂ ਅਕਸਰ ਕਾਨੂੰਨ ਲਾਗੂ ਕਰਨ ਵਾਲਿਆਂ ਵੱਲੋਂ ਕੀਤੀ ਜਾਂਦੀ ਹੈ।

ਇਸ ਗੈਸ ਕਾਰਨ ਫੇਫੜਿਆਂ, ਅੱਖਾਂ, ਨੱਕ ਤੇ ਮੂੰਹ ਵਿੱਚ ਗੰਭੀਰ ਕਿਸਮ ਦੀ ਜਲਣ ਪੈਦਾ ਹੁੰਦੀ ਹੈ। ਇਸ ਕਾਰਨ ਰੋਣਾ ਨਿਕਲਦਾ ਹੈ, ਸਾਹ ਲੈਣ ਵਿੱਚ ਦਿੱਕਤ ਆਉਂਦੀ ਹੈ ਤੇ ਆਰਜ਼ੀ ਤੌਰ ਉੱਤੇ ਲੋਕਾਂ ਨੂੰ ਨਜ਼ਰ ਆਉਣਾ ਬੰਦ ਹੋ ਜਾਂਦਾ ਹੈ। ਇਸ ਤਰ੍ਹਾਂ ਦੇ ਲੱਛਣ ਅੱਥਰੂ ਗੈਸ ਦੇ ਸੰਪਰਕ ਵਿੱਚ ਆਉਣ ਤੋਂ 30 ਮਿੰਟ ਬਾਅਦ ਤੱਕ ਰਹਿ ਸਕਦੇ ਹਨ।

ਇਸ ਗੈਸ ਦੇ ਦੇਰ ਤੱਕ ਰਹਿਣ ਵਾਲੇ ਪ੍ਰਭਾਵ ਵਿੱਚ ਅੱਖਾਂ ਵਿੱਚ ਰੜਕ ਜਾਂ ਸੱਟ, ਸਾਹ ਲੈਣ ਵਿੱਚ ਦਿੱਕਤ ਤੇ ਕਾਰਡੀਓਵੈਸਕੂਲਰ ਸਿਸਟਮ ਨੂੰ ਨੁਕਸਾਨ ਪਹੁੰਚ ਸਕਦਾ ਹੈ। ਵੌਂਗ ਨੇ ਆਖਿਆ ਕਿ ਅੱਥਰੂ ਗੈਸ ਦੀ ਵਰਤੋਂ ਨਾਲ ਕੋਵਿਡ-19 ਕਾਂਟਰੈਕਟ ਦਾ ਤੇ ਇਸ ਦੇ ਪਸਾਰ ਦਾ ਖਤਰਾ ਵਧ ਜਾਂਦਾ ਹੈ ਕਿਉਂਕਿ ਇਸ ਕਾਰਨ ਸਾਹ ਲੈਣ ਵਿੱਚ ਦਿੱਕਤ ਆਉਂਦੀ ਹੈ ਤੇ ਇਸ ਨਾਲ ਖੰਘਣਾਂ ਤੇ ਛਿੱਕਾਂ ਆਦਿ ਵੀ ਜੁੜੀਆਂ ਹੋਈਆਂ ਹਨ। ਜੂਨ ਵਿੱਚ 1288 ਅਮੈਰੀਕਨ ਪਬਲਿਕ ਹੈਲਥ ਪ੍ਰੋਫੈਸ਼ਨਲਜ਼ ਵੱਲੋਂ ਪੁਲਿਸ ਨੂੰ ਲਿਖੇ ਗਏ ਖੁੱਲ੍ਹੇ ਖ਼ਤ ਵਿੱਚ ਟੀਅਰ ਗੈਸ ਦੀ ਵਰਤੋਂ ਉੱਤੇ ਰੋਕ ਲਾਉਣ ਦੀ ਮੰਗ ਕੀਤੀ ਗਈ ਸੀ।

ਜੂਨ ਵਿੱਚ ਐਨਡੀਪੀ ਐਮਪੀ ਮੈਥਿਊ ਗ੍ਰੀਨ ਵੱਲੋਂ ਕੈਨੇਡਾ ਵਿੱਚ ਅੱਥਰੂ ਗੈਸ ਦੀ ਵਰਤੋਂ ਤੇ ਇਸ ਦੇ ਉਤਪਾਦਨ ਉੱਤੇ ਰੋਕ ਲਈ ਪਟੀਸ਼ਨ ਸ਼ੁਰੂ ਕੀਤੀ ਗਈ ਸੀ। ਹੁਣ ਤੱਕ ਇਸ ਪਟੀਸ਼ਨ ਉੱਤੇ 9300 ਲਕੋ ਦਸਤਖ਼ਤ ਕਰ ਚੁੱਕੇ ਹਨ। ਇਸ ਪਟੀਸ਼ਨ ਉੱਤੇ 8 ਸਤੰਬਰ ਤੱਕ ਦਸਤਖ਼ਤ ਕੀਤੇ ਜਾ ਸਕਦੇ ਹਨ।

# ਜਰਮਨੀ ਦੇ ਅਪਾਰਟਮੈਂਟ ਵਿੱਚੋਂ ਮਿਲੀਆਂ 5 ਬੱਚਿਆਂ ਦੀਆਂ ਲਾਸ਼ਾਂ



ਬਰਲਿਨ, 3 ਸਤੰਬਰ (ਪੋਸਟ ਬਿਊਰੋ) : ਵੀਰਵਾਰ ਨੂੰ ਪੱਛਮੀ ਜਰਮਨੀ ਦੇ ਸ਼ਹਿਰ ਦੇ ਇੱਕ ਅਪਾਰਟਮੈਂਟ ਵਿੱਚੋਂ ਪੰਜ ਬੱਚਿਆਂ ਦੀਆਂ ਲਾਸ਼ਾਂ ਮਿਲੀਆਂ। ਇਹ ਵੀ ਪਤਾ ਲੱਗਿਆ ਹੈ ਕਿ ਉਨ੍ਹਾਂ ਨੂੰ ਹੋਰ ਕਿਸੇ ਵੱਲੋਂ ਨਹੀਂ ਸਗੋਂ ਉਨ੍ਹਾਂ ਦੀ ਮਾਂ ਵੱਲੋਂ ਮਾਰਿਆ ਗਿਆ ਹੈ। ਇਹ ਜਾਣਕਾਰੀ ਅਧਿਕਾਰੀਆਂ ਨੇ ਦਿੱਤੀ।

ਇਹ ਲਾਸ਼ਾਂ ਕਲੋਨ ਤੇ ਡਸਲਡੌਰਫ ਨੇੜੇ ਸੋਲਿੰਗਨ ਵਿੱਚ ਮਿਲੀਆਂ। ਤਿੰਨ ਲੜਕੀਆਂ ਤੇ ਦੋ ਲੜਕਿਆਂ ਦੀ 27 ਸਾਲਾ ਮਾਂ ਨੇ ਬਾਅਦ ਵਿੱਚ ਡਸਲਡੌਰਫ ਵਿੱਚ ਖੁਦ ਰੇਲਗੱਡੀ ਅੱਗੇ ਛਾਲ ਮਾਰ ਕੇ ਖੁਦਕੁਸ਼ੀ ਕਰਨ ਦੀ ਵੀ ਕੋਸ਼ਿਸ਼ ਕੀਤੀ ਪਰ ਜ਼ਖ਼ਮੀ ਹੋਣ ਤੋਂ ਬਾਅਦ ਉਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ। ਇਹ ਖੁਲਾਸਾ ਪੁਲਿਸ ਦੇ ਬੁਲਾਰੇ ਸਟੀਫਨ ਵੇਐਂਡ ਨੇ ਕੀਤਾ।

ਜਰਮਨੀ ਦੀ ਨਿਊਜ਼ ਏਜੰਸੀ ਡੀਪੀਏ ਨੇ ਦੱਸਿਆ ਕਿ ਜਿਨ੍ਹਾਂ ਬੱਚੀਆਂ ਦੀ ਮੌਤ ਹੋਈ ਉਨ੍ਹਾਂ ਦੀ ਉਮਰ 1,2 ਤੇ 3 ਸਾਲ ਸੀ ਤੇ ਮਾਰੇ ਗਏ ਲੜਕੇ 6 ਤੇ 8 ਸਾਲ ਦੇ ਸਨ। ਇਸ ਔਰਤ ਦਾ ਛੇਵਾਂ ਬੱਚਾ, ਜੋ ਕਿ 11 ਸਾਲਾਂ ਦਾ ਹੈ, ਜਿਊਂਦਾ ਬਚ ਗਿਆ ਤੇ ਇਸ ਸਮੇਂ ਆਪਣੇ ਰਿਸ਼ਤੇਦਾਰਾਂ ਕੋਲ ਹੈ। ਨਾ ਹੀ ਇਨ੍ਹਾਂ ਬੱਚਿਆਂ ਨੂੰ ਮਾਰੇ ਜਾਣ ਦੇ ਕਾਰਨ ਦਾ ਪਤਾ ਲੱਗਿਆ ਹੈ ਤੇ ਨਾ ਹੀ ਇਹ ਪਤਾ ਲੱਗ ਸਕਿਆ ਹੈ ਕਿ ਇਸ ਦਾ ਮੰਤਵ ਕੀ ਸੀ। ਬੱਚਿਆਂ ਦੀ ਦਾਦੀ, ਜੋ ਕਿ 60 ਕਿਲੋਮੀਟਰ ਦੀ ਦੂਰੀ ਉੱਤੇ ਰਹਿੰਦੀ ਸੀ, ਦੀ ਸ਼ਿਕਾਇਤ ਉੱਤੇ ਹੀ ਇਨ੍ਹਾਂ ਬੱਚਿਆਂ ਦੀਆਂ ਲਾਸ਼ਾਂ ਮਿਲੀਆਂ।

# ਅਗਲੇ ਹਫਤੇ ਮੁਲਾਕਾਤ ਕਰਨਗੇ ਓਨਟਾਰੀਓ ਤੇ ਕਿਊਬਿਕ ਦੇ ਪ੍ਰੀਮੀਅਰਜ਼



ਟੋਰਾਂਟੋ, 3 ਸਤੰਬਰ (ਪੋਸਟ ਬਿਊਰੋ) : ਕੋਵਿਡ-19 ਦੀ ਸੱਭ ਤੋਂ ਵੱਧ ਮਾਰ ਸਹਿ ਰਹੇ ਦੋ ਪ੍ਰੋਵਿੰਸਾਂ ਦੇ ਆਗੂ ਅਗਲੇ ਹਫਤੇ ਹੋਣ ਜਾ ਰਹੀ ਦੋ ਰੋਜ਼ਾ ਸਿਖਰ ਵਾਰਤਾ ਵਿੱਚ ਹਿੱਸਾ ਲੈਣਗੇ। ਆਪਣੇ ਅਰਥਚਾਰਿਆਂ ਨੂੰ ਮੁੜ ਪੈਰਾਂ ਸਿਰ ਕਿਵੇਂ ਕੀਤਾ ਜਾਵੇ ਤੇ ਕਰੋਨਾਵਾਇਰਸ ਦੀ ਸੰਭਾਵੀ ਦੂਜੀ ਲਹਿਰ ਤੋਂ ਕਿਸ ਤਰ੍ਹਾਂ ਬਚਿਆ ਜਾਵੇ, ਇਸ ਬਾਰੇ ਵੀ ਇਸ ਸਿਖਰ ਵਾਰਤਾ ਵਿੱਚ ਵਿਚਾਰ ਚਰਚਾ ਕੀਤੀ ਜਾਵੇਗੀ।

ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਕਿਊਬਿਕ ਦੇ ਪ੍ਰੀਮੀਅਰ ਫਰੈਂਕੋਇਸ ਲੀਗਾਲਟ ਦੀ ਮੇਜ਼ਬਾਨੀ 8 ਅਤੇ 9 ਸਤੰਬਰ ਨੂੰ ਮਿਸੀਸਾਗਾ ਵਿੱਚ ਕਰਨਗੇ। ਫੋਰਡ ਦਾ ਕਹਿਣਾ ਹੈ ਕਿ ਕੈਨੇਡਾ ਦੇ ਦੋ ਸੱਭ ਤੋਂ ਵੱਡੇ ਪ੍ਰੋਵਿੰਸ ਹੋਣ ਨਾਤੇ ਤੇ ਦੇਸ਼ ਦੇ ਅਰਥਚਾਰੇ ਦੀ ਰੂਹ-ਏ-ਰਵਾਂ ਹੋਣ ਕਾਰਨ ਓਨਟਾਰੀਓ ਤੇ ਕਿਊਬਿਕ ਦਾ ਹੱਥ ਮਿਲਾਉਣਾ ਬਹੁਤ ਜ਼ਰੂਰੀ ਹੈ।

ਸਿਖਰ ਵਾਰਤਾ ਬਾਰੇ ਬਿਆਨ ਜਾਰੀ ਕਰਦਿਆਂ ਫੋਰਡ ਨੇ ਆਖਿਆ ਹਾਲਾਂਕਿ ਅਰਥਚਾਰੇ ਨੂੰ ਮੁੜ ਲੀਹ ਉੱਤੇ ਲਿਆਉਣ ਦਾ ਰਾਹ ਸੁਖਾਲਾ ਨਹੀਂ ਹੈ ਪਰ ਇਸ ਲਈ ਸਾਨੂੰ ਇੱਕ-ਲਿਆਂ ਤੁਰਨ ਦੀ ਲੋੜ ਨਹੀਂ। ਆਪਣੇ ਦੇਸ਼ ਨੂੰ ਅੱਗੇ ਲਿਜਾਣ ਲਈ ਇਸ ਔਖੀ ਘੜੀ ਵਿੱਚ ਸਾਡੀਆਂ ਪ੍ਰੋਵਿੰਸਾਂ ਨੂੰ ਰਲ ਕੇ ਕੰਮ ਕਰਨ ਦੀ ਲੋੜ ਹੈ। ਇਸ ਦੌਰਾਨ ਲੀਗਾਲਟ ਨੇ ਆਖਿਆ ਕਿ ਹੁਣ ਜਦੋਂ ਕੋਲਡ ਤੇ ਫਲੂ ਦਾ ਸੀਜ਼ਨ ਵੀ ਆਉਣ ਵਾਲਾ ਹੈ ਤਾਂ ਸਾਨੂੰ ਇਸ ਲਈ ਵੀ ਤਿਆਰੀ ਕਰ ਲੈਣੀ ਚਾਹੀਦੀ ਹੈ।

ਉਨ੍ਹਾਂ ਵੀ ਬਿਆਨ ਜਾਰੀ ਕਰਕੇ ਆਖਿਆ ਕਿ ਸਾਨੂੰ ਇੱਕ ਦੂਜੇ ਤੋਂ ਕਾਫੀ ਕੁੱਝ ਸਿੱਖਣ ਦੀ ਲੋੜ ਹੈ। ਦੋਵਾਂ ਸਰਕਾਰਾਂ ਦੇ ਅਹਿਮ ਕੈਬਨਿਟ ਮੰਤਰੀ ਵੀ ਇਸ ਸਿਖਰ ਵਾਰਤਾ ਵਿੱਚ ਹਿੱਸਾ ਲੈਣਗੇ। ਇਨ੍ਹਾਂ ਵਿੱਚ ਸਿਹਤ, ਆਰਥਿਕ ਤੇ ਵਿੱਤ ਮੰਤਰੀ ਵੀ ਇਨ੍ਹਾਂ ਮੀਟਿੰਗਾਂ ਵਿੱਚ ਸਾਮਲ ਹੋਣਗੇ।

# ਵੁੱਡਬਾਈਨ ਬੀਚ ਉੱਤੇ ਪੱਥਰਾਂ ਨਾਲ ਟਕਰਾਈ ਬੋਟ, ਇੱਕ ਵਿਅਕਤੀ ਦੀ ਮੌਤ, 6 ਜ਼ਖ਼ਮੀ



ਟੋਰਾਂਟੋ, 3 ਸਤੰਬਰ (ਪੋਸਟ ਬਿਊਰੋ) : ਵੁੱਡਬਾਈਨ ਬੀਚ ਉੱਤੇ ਇੱਕ ਬੋਟ ਦੇ ਪੱਥਰਾਂ ਨਾਲ ਟਕਰਾ ਜਾਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਜਦਕਿ ਛੇ ਹੋਰ ਜ਼ਖ਼ਮੀ ਹੋ ਗਏ। ਇਹ ਜਾਣਕਾਰੀ ਟੋਰਾਂਟੋ ਪੁਲਿਸ ਵੱਲੋਂ ਦਿੱਤੀ ਗਈ।

ਇਹ ਹਾਦਸਾ ਵੀਰਵਾਰ ਦੁਪਹਿਰ ਨੂੰ 12:30 ਵਜੇ ਵਾਪਰਿਆ। ਕਾਂਸਟੇਬਲ ਡੇਵਿਡ ਹੌਪਕਿੰਨਜ਼ ਨੇ ਦੱਸਿਆ ਕਿ ਹਾਦਸੇ ਵਿੱਚ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਣ ਤੋਂ ਬਾਅਦ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਇੱਕ ਵਿਅਕਤੀ ਦੀ ਹਸਪਤਾਲ ਵਿੱਚ ਮੌਤ ਹੋ ਗਈ। ਇੱਕ ਹੋਰ ਵਿਅਕਤੀ ਦੀ ਹਾਲਤ ਕਾਫੀ ਗੰਭੀਰ ਪਰ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਹੌਪਕਿੰਸਨ ਨੇ ਆਖਿਆ ਕਿ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਹਾਦਸੇ ਸਮੇਂ ਬੋਟ ਉੱਤੇ ਸਵਾਰ ਵਿਅਕਤੀਆਂ ਨੇ ਲਾਈਫ ਜੈਕੇਟਸ ਪਾਈਆਂ ਹੋਈਆਂ ਸਨ ਜਾਂ ਨਹੀਂ।

ਹਾਦਸੇ ਤੋਂ ਬਾਅਦ ਚਾਰ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ। ਚਸ਼ਮਦੀਦ ਮਹਿਰਨੂਸ ਇਜਾਦੀ ਨੇ ਆਖਿਆ ਕਿ ਉਸ ਨੇ ਦੇਖਿਆ ਕਿ ਕੰਢੇ ਉੱਤੇ ਪੱਥਰਾਂ ਨਾਲ ਟਕਰਾਉਣ ਤੋਂ ਪਹਿਲਾਂ ਬੋਟ ਪਾਣੀ ਵਿੱਚ ਡਿੱਕੇ ਡੋਲੇ ਖਾਂਦੀ ਅੱਗੇ ਵੱਧ ਰਹੀ ਸੀ। ਉਨ੍ਹਾਂ ਆਖਿਆ ਕਿ ਬੋਟ ਨੂੰ ਵੇਖ ਰਹੀ ਸੀ ਕਿ ਉਹ ਤੇਜ਼ੀ ਨਾਲ ਪੱਥਰਾਂ ਵੱਲ ਵੱਧ ਰਹੀ ਹੈ ਪਰ ਉਸ ਨੂੰ ਇਹ ਨਹੀਂ ਸੀ ਲੱਗਿਆ ਕਿ ਉਹ ਪੱਥਰਾਂ ਨਾਲ ਟਕਰਾ ਜਾਵੇਗੀ। ਪਰ ਤੇਜ਼ੀ ਨਾਲ ਬੋਟ ਪੱਥਰਾਂ ਨਾਲ ਟਕਰਾ ਗਈ।

# ਜਪਾਨ ਦੇ ਟਾਪੂ ਨੇੜੇ ਬੇੜਾ ਡੁੱਬਿਆ

## 5800 ਗਾਂਵਾਂ ਤੇ ਅਮਲੇ ਦੇ 42 ਮੈਂਬਰਾਂ ਦੇ ਡੁੱਬਣ ਦਾ ਖਦਸ਼ਾ



ਟੋਕੀਓ, 3 ਸਤੰਬਰ (ਪੋਸਟ ਬਿਊਰੋ) : ਜਪਾਨ ਦੇ ਦੱਖਣੀ ਟਾਪੂ ਨੇੜੇ ਖਰਾਬ ਮੌਸਮ ਕਾਰਨ ਇੱਕ ਬੇੜੇ ਦੇ ਡੁੱਬਣ ਦਾ ਖਦਸ਼ਾ ਹੈ। ਇਸ ਬੇੜੇ ਵਿੱਚ ਅਮਲੇ ਦੇ 42 ਮੈਂਬਰ ਸਵਾਰ ਸਨ ਤੇ 5800 ਗਾਵਾਂ ਨੂੰ ਬੇੜੇ ਰਾਹੀਂ ਲਿਜਾਇਆ ਜਾ ਰਿਹਾ ਸੀ। ਇਹ ਜਾਣਕਾਰੀ ਬੇੜੇ ਵਿੱਚ ਸਵਾਰ ਇੱਕ ਵਿਅਕਤੀ, ਜੋ ਕਿ ਡੁੱਬਣ ਤੋਂ ਬਚ ਗਿਆ, ਵੱਲੋਂ ਦਿੱਤੀ ਗਈ। ਜੈਪਨੀਜ਼ ਰੈਸਕਿਊਅਰਜ਼ ਇਸ ਬੇੜੇ ਨੂੰ ਭਾਲਣ ਦੀ ਕੋਸ਼ਿਸ਼ ਕਰ ਰਹੇ ਹਨ।

ਇਸ ਫਿਲੀਪੀਨੋ ਕ੍ਰਿਊ ਮੈਂਬਰ ਨੂੰ ਕੱਲ੍ਹ ਜਪਾਨੀ ਨੇਵੀ ਪੀ-3ਸੀ ਦੇ ਸਰਵੇਲੈਂਸ ਏਅਰਕ੍ਰਾਫਟ ਵੱਲੋਂ ਲੱਭਿਆ ਗਿਆ। ਇਹ ਕ੍ਰਿਊ ਮੈਂਬਰ ਸਮੁੰਦਰੀ ਪਾਣੀ ਵਿੱਚ ਲਾਈਫ ਜੈਕੇਟ ਪਾ ਕੇ ਆਪਣੀ ਜ਼ਿੰਦਗੀ ਬਚਾਉਣ ਲਈ ਹੱਥ ਪੈਰ ਮਾਰ ਰਿਹਾ ਸੀ। ਕੋਸਟ ਗਾਰਡ ਦੇ ਰੀਜਨਲ ਬੁਲਾਰੇ ਯੁਈਚੀਰੋ ਹਿਗਾਸ਼ੀ ਨੇ ਦੱਸਿਆ ਕਿ ਇਸ ਵਿਅਕਤੀ ਵੱਲੋਂ ਹੀ ਰੈਸਕ੍ਰਿਊਅਰਜ਼ ਨੂੰ ਇਹ ਜਾਣਕਾਰੀ ਦਿੱਤੀ ਗਈ ਕਿ ਡੁੱਬਣ ਤੋਂ ਪਹਿਲਾਂ ਇਹ ਬੇੜਾ ਪਲਟ ਗਿਆ ਸੀ। 11,947 ਟੰਨ ਦਾ ਇਹ ਬੇੜਾ ਈਸਟ ਚਾਈਨਾ ਸੀਅ ਵਿੱਚ ਅਮਾਮੀ ਓਸਿਮਾ ਦੇ ਪੱਛਮ ਵਿੱਚ ਜਾ ਰਿਹਾ ਸੀ ਜਦੋਂ ਇਸ ਵੱਲੋਂ ਕਿਸੇ ਤਰ੍ਹਾਂ ਦੀ ਗੜਬੜੀ ਤੋਂ ਬਾਅਦ ਮਦਦ ਦੀ ਮੰਗ ਕੀਤੀ ਗਈ। ਇਹ ਗੜਬੜੀ ਕਿਸ ਤਰ੍ਹਾਂ ਦੀ ਸੀ ਇਸ ਬਾਰੇ ਤਾਂ ਹਾਲ ਦੀ ਘੜੀ ਕੁੱਝ ਪਤਾ ਨਹੀਂ ਲੱਗ ਸਕਿਆ ਪਰ ਤੂਫਾਨ ਮਾਇਜ਼ਾਕ ਕਾਰਨ ਇਸ ਇਲਾਕੇ ਵਿੱਚ ਮੌਸਮ ਕਾਫੀ ਖਰਾਬ ਸੀ।

ਬੇੜੇ ਦੇ ਕ੍ਰਿਊ ਮੈਂਬਰਾਂ ਵਿੱਚ 38 ਫਿਲੀਪੀਨਜ਼, ਦੋ ਨਿਊਜ਼ੀਲੈਂਡ ਤੇ ਦੋ ਆਸਟਰੇਲੀਆ ਤੋਂ ਸਨ। ਇਹ ਬੇੜਾ ਅਗਸਤ ਦੇ ਮੱਧ ਤੋਂ ਉੱਤਰਪੂਰਬੀ ਨਿਊਜ਼ੀਲੈਂਡ ਦੀ ਨੇਪੀਅਰ ਬੰਦਰਗਾਹ ਤੋਂ ਰਵਾਨਾ ਹੋਇਆ ਸੀ ਤੇ ਇਹ ਚੀਨ ਦੇ ਪੂਰਬੀ ਤੱਟ ਉੱਤੇ ਸਥਿਤ ਤਾਂਗਸ਼ਾਨ ਜਾ ਰਿਹਾ ਸੀ।

# ਡਵੇਨ ਜੌਹਨਸਨ ਤੇ ਉਨ੍ਹਾਂ ਦਾ ਪਰਿਵਾਰ ਆਇਆ ਕੋਵਿਡ-19 ਦੀ ਚਪੇਟ ਵਿੱਚ



ਫਲੋਰਿਡਾ, 3 ਸਤੰਬਰ (ਪੋਸਟ ਬਿਊਰੋ) : ਦ ਰੌਕ ਦੇ ਨਾਂ ਨਾਲ ਮਸ਼ਹੂਰ ਹਾਲੀਵੁੱਡ ਐਕਟਰ ਡਵੇਨ ਜੌਹਨਸਨ ਤੇ ਉਨ੍ਹਾਂ ਦਾ ਪਰਿਵਾਰ ਵੀ ਕਰੋਨਾਵਾਇਰਸ ਦੀ ਚਪੇਟ ਵਿੱਚ ਆ ਗਏ ਹਨ।

ਡਵੇਨ ਜੌਹਨਸਨ ਨੇ ਇਸ ਸਬੰਧ ਵਿੱਚ ਇੱਕ ਵੀਡੀਓ ਇਨਸਟਾਗ੍ਰਾਮ ਉੱਤੇ ਪੋਸਟ ਕੀਤਾ ਹੈ। ਇਸ ਵਿੱਚ ਉਨ੍ਹਾਂ ਆਪਣੇ ਪਰਿਵਾਰ ਬਾਰੇ ਵੀ ਜਾਣਕਾਰੀ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਉਹ ਖੁਦ, ਉਨ੍ਹਾਂ ਦੀ ਪਤਨੀ ਤੇ ਉਨ੍ਹਾਂ ਦੀਆਂ ਦੋਵੇਂ ਬੇਟੀਆਂ ਕੋਵਿਡ-19 ਪਾਜ਼ੀਟਿਵ ਪਾਈਆਂ ਗਈਆਂ ਹਨ।

ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਇਸ ਗੱਲ ਨਾਲ ਧੱਕਾ ਲੱਗਿਆ ਹੈ ਕਿ ਉਨ੍ਹਾਂ ਨੂੰ ਤੇ ਉਨ੍ਹਾਂ ਦੇ ਪੂਰੇ ਪਰਿਵਾਰ ਨੂੰ ਇਹ ਬਿਮਾਰੀ ਹੋ ਗਈ ਹੈ। ਉਨ੍ਹਾਂ ਆਖਿਆ ਕਿ ਇਸ ਬਿਮਾਰੀ ਤੋਂ ਪਾਰ ਪਾਉਣਾ ਤੇ ਠੀਕ ਹੋਣਾ ਬਹੁਤ ਵੱਡੀ ਚੁਣੌਤੀ ਹੈ। ਉਹ ਆਪ ਤੇ ਉਨ੍ਹਾਂ ਦੀ ਪਤਨੀ ਇਸ ਵਾਇਰਸ ਕਾਰਨ ਕਾਫੀ ਢਿੱਲੇ ਹਨ ਪਰ ਉਨ੍ਹਾਂ ਦੀਆਂ ਬੇਟੀਆਂ ਦੇ ਗਲੇ ਖਰਾਬ ਹੋਣ ਤੋਂ ਬਾਅਦ ਉਹ ਹੁਣ ਮੁੜ ਸਿਹਤਯਾਬੀ ਵੱਲ ਵੱਧ ਰਹੀਆਂ ਹਨ।

# ਗੋਲੀ ਲੱਗਣ ਕਾਰਨ ਮਿਸੀਸਾਗਾ ਵਿੱਚ 20 ਸਾਲਾ ਵਿਅਕਤੀ ਹੋਇਆ ਜ਼ਖ਼ਮੀ



ਮਿਸੀਸਾਗਾ, 3 ਸਤੰਬਰ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਇੱਕ 20 ਸਾਲਾ ਵਿਅਕਤੀ ਨੂੰ ਚੱਲਦੀ ਗੱਡੀ ਵਿੱਚੋਂ ਕਿਸੇ ਵੱਲੋਂ ਮਾਰੀ ਗਈ ਗੋਲੀ ਕਾਰਨ ਜ਼ਖ਼ਮੀ ਹੋ ਗਿਆ।

ਪੀਲ ਰੀਜਨਲ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਬੁੱਧਵਾਰ ਨੂੰ ਰਾਤੀਂ 8:30 ਵਜੇ ਵੈਸਟਵੁੱਡ ਸਕੁਏਅਰ ਨੇੜੇ ਡਾਰਸਲ ਐਵਨਿਊ ਦੇ ਅਪਾਰਟਮੈਂਟ ਕਾਂਪਲੈਕਸ ਵਿੱਚ ਸੱਦਿਆ ਗਿਆ। ਪੁਲਿਸ ਨੂੰ ਇੱਥੇ ਕਈ ਗੋਲੀਆਂ ਚੱਲਣ ਬਾਰੇ ਜਾਣਕਾਰੀ ਦਿੱਤੀ ਗਈ ਸੀ। ਮੌਕੇ ਉੱਤੇ ਪਹੁੰਚੀ ਪੁਲਿਸ ਨੂੰ ਇੱਕ ਵਿਅਕਤੀ ਗੋਲੀ ਲੱਗਣ ਕਾਰਨ ਗੰਭੀਰ ਰੂਪ ਵਿੱਚ ਜ਼ਖ਼ਮੀ ਹਾਲਤ ਵਿੱਚ ਮਿ-ਲਿਆ। ਉਸ ਨੂੰ ਸਥਿਰ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ।

ਬਿਲਡਿੰਗ ਉੱਤੇ ਕਈ ਗੋਲੀਆਂ ਦਾਗੀਆਂ ਗਈਆਂ ਸਨ ਤੇ ਚਸ਼ਮਦੀਦਾਂ ਅਨੁਸਾਰ ਦੋ ਗੋਲੀਆਂ ਬਿਲਡਿੰਗ ਦੀ ਲਾਬੀ ਵਿੱਚੋਂ ਲੰਘਦੀਆ ਹੋਈਆਂ ਐਲੀਵੇਟਰ ਵਿੱਚ ਜਾ ਲੱਗੀਆਂ ਸਨ। ਪੁਲਿਸ ਵੱਲੋਂ ਅਜੇ ਇਸ ਗੱਲ ਦੀ ਪੁਸ਼ਟੀ ਨਹੀਂ ਕੀਤੀ ਗਈ ਹੈ ਕਿ ਜਿਸ ਵਿਅਕਤੀ ਨੂੰ ਗੋਲੀ ਮਾਰੀ ਗਈ ਉਹ ਉਸ ਬਿਲਡਿੰਗ ਵਿੱਚ ਰਹਿੰਦਾ ਸੀ ਜਾਂ ਫਿਰ ਉਸ ਨੂੰ ਸੋਚ ਸਮਝ ਕੇ ਨਿਸ਼ਾਨਾ ਬਣਾਇਆ ਗਿਆ ਹੈ।

ਮਸ਼ਕੂਕ ਦੀ ਗੱਡੀ ਸਿਆਹ ਰੰਗ ਦੀ ਦੱਸੀ ਜਾਂਦੀ ਹੈ। ਅਜੇ ਤੱਕ ਇਹ ਵੀ ਪਤਾ ਨਹੀਂ ਲੱਗ ਸਕਿਆ ਹੈ ਕਿ ਇਹ ਗੋਲੀਆਂ ਆਖਿਰਕਾਰ ਕਿਸ ਮਕਸਦ ਨਾਲ ਚਲਾਈਆਂ ਗਈਆਂ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’,
ਅਸੀਂ ਕਰਾਂਗੇ ‘ਹਾਂ’
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated





19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com



ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca




# ਓਟੂਲ ਨੇ ਆਪਣੀ ਹਾਊਸ ਲੀਡਰਸ਼ਿਪ ਟੀਮ ਦਾ ਕੀਤਾ ਐਲਾਨ



ਓਟਵਾ, 3 ਸਤੰਬਰ (ਪੋਸਟ ਬਿਊਰੋ) : ਨਵੇਂ ਕੰਜ਼ਰਵੇਟਿਵ ਆਗੂ ਐਰਿਨ ਓਟੂਲ ਨੇ ਬੁੱਧਵਾਰ ਨੂੰ ਆਪਣੀ ਹਾਊਸ ਲੀਡਰਸ਼ਿਪ ਟੀਮ ਦਾ ਐਲਾਨ ਕੀਤਾ।
ਮੁੱਖ ਵਿਰੋਧੀ ਧਿਰ ਲਈ ਕੀਤੀਆਂ ਗਈਆਂ ਨਿਯੁਕਤੀਆਂ ਤਹਿਤ ਮੈਨੀਟੋਬਾ ਤੋਂ ਐਮਪੀ ਕੈਂਡਿਸ ਬਰਜਨ ਨੂੰ ਹਾਊਸ ਡਿਪਟੀ ਲੀਡਰ ਥਾਪਿਆ ਗਿਆ। ਕਿਊਬਿਕ ਤੋਂ ਐਮਪੀ ਰਿਚਰਡ ਮਾਰਟਨ ਤੇ ਗੇਰਾਰਡ ਡੈਲਟੈਲ ਨੂੰ ਕ੍ਰਮਵਾਰ ਕਿਊਬਿਕ ਤੋਂ ਸਿਆਸੀ ਲੈਫਟੀਨੈਂਟ ਤੇ ਵਿਰੋਧੀ ਧਿਰ ਵੱਲੋਂ ਹਾਊਸ ਲੀਡਰ ਨਿਯੁਕਤ ਕੀਤਾ ਗਿਆ।
ਇੱਥੇ ਦੱਸਣਾ ਬਣਦਾ ਹੈ ਕਿ ਸਟੀਫਨ ਹਾਰਪਰ ਦੀ ਕੰਜ਼ਰਵੇਟਿਵ ਸਰਕਾਰ ਵਿੱਚ ਬਰਜਨ ਮਨਿਸਟਰ ਆਫ ਸਟੇਟ ਫੌਰ ਸੋਸ਼ਲ ਡਿਵੈਲਪਮੈਂਟ ਸੀ। ਓਟੂਲ ਨੇ ਆਖਿਆ ਕਿ ਪਾਰਲੀਆਮੈਂਟ ਦੇ ਇਨ੍ਹਾਂ ਸਮਰਪਿਤ ਤੇ ਪ੍ਰੋਫੈਸ਼ਨਲ ਮੈਂਬਰਜ਼ ਨਾਲ ਕੰਮ ਕਰਨਾ ਉਨ੍ਹਾਂ ਲਈ ਬੜੇ ਮਾਣ ਵਾਲੀ ਗੱਲ ਹੈ। ਉਨ੍ਹਾਂ ਆਖਿਆ ਕਿ ਉਹ ਜਾਣਦੇ ਹਨ ਕਿ ਇਹ ਕੰਜ਼ਰਵੇਟਿਵ ਮੂਵਮੈਂਟ ਨੂੰ ਅੱਗੇ ਲਿਜਾਣ ਲਈ ਮਦਦਗਾਰ ਹੋਣਗੇ।

# ਟਰੂਡੋ ਨੇ ਪੇਯੈਟ ਦਾ ਪੱਖ ਪੂਰਿਆ

**ਜੀਜੀ ਨੂੰ ਹਟਾਉਣ ਦਾ ਕੋਈ ਇਰਾਦਾ ਨਹੀਂ : ਟਰੂਡੋ**



ਓਟਵਾ, 3 ਸਤੰਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਅੱਜ ਜੂਲੀ ਪੇਯੈਟ ਨੂੰ ਕਮਾਲ ਦੀ ਗਵਰਨਰ ਜਨਰਲ ਦੱਸਿਆ। ਉਨ੍ਹਾਂ ਆਖਿਆ ਕਿ ਹਾਲ ਦੀ ਘੜੀ ਉਨ੍ਹਾਂ ਦਾ ਕੋਈ ਇਰਾਦਾ ਨਹੀਂ ਹੈ ਕਿ ਉਹ ਰੀਡੋ ਹਾਲ ਵਿੱਚ ਤੰਗ ਪਰੇਸ਼ਾਨ ਕੀਤੇ ਜਾਣ ਦੇ ਲਾਏ ਜਾ ਰਹੇ ਦੋਸ਼ਾਂ ਦੇ ਚੱਲਦਿਆਂ ਮਹਾਰਾਣੀ ਐਲਿਜ਼ਾਬੈੱਥ ਨੂੰ ਪੇਯੈਟ ਦੀ ਥਾਂ ਕਿਸੇ ਹੋਰ ਨੂੰ ਗਵਰਨਰ ਜਨਰਲ ਥਾਪਣ ਲਈ ਆਖਣ।
ਟਰੂਡੋ ਨੇ ਇੱਕ ਇੰਟਰਵਿਊ ਵਿੱਚ ਆਖਿਆ ਕਿ ਰੀਡੋ ਹਾਲ ਵਿੱਚ ਕੰਮਕਾਜ ਦੇ ਹਾਲਾਤ ਦਾ ਜਾਇਜ਼ਾ ਲੈਣ ਤੇ ਹਕੀਕਤ ਦਾ ਪਤਾ ਲਾਉਣ ਲਈ ਪ੍ਰਿਵੀ ਕਾਉਂਸਲ ਆਫਿਸ ਨੇ ਪਹਿਲਾਂ ਹੀ ਤੀਜੀ ਧਿਰ ਤੋਂ ਮੁਲਾਂਕਣ ਕਰਵਾਉਣ ਦਾ ਫੈਸਲਾ ਕੀਤਾ ਹੈ। ਟਰੂਡੋ ਨੇ ਆਖਿਆ ਕਿ ਇਸ ਸਮੇਂ ਸਾਡੇ ਕੋਲ ਕਮਾਲ ਦੀ ਗਵਰਨਰ ਜਨਰਲ ਹੈ। ਮਹਾਂਮਾਰੀ ਦੌਰਾਨ ਹੋਰ ਕਿਸੇ ਤਰ੍ਹਾਂ ਦੀ ਕੋਈ ਗੱਲ ਕਿਸੇ ਨੂੰ ਨਹੀਂ ਸੁੱਝ ਰਹੀ ਤੇ ਨਾ ਹੀ ਕਿਸੇ ਨੂੰ ਵੀ ਸੰਵਿਧਾਨਕ ਸੰਕਟ ਨਜ਼ਰ ਆ ਰਿਹਾ ਹੈ।
ਜ਼ਿਕਰਯੋਗ ਹੈ ਕਿ ਪਬਲਿਕ ਸਰਵੈਂਟਸ ਤੇ ਰੀਡੋ ਹਾਲ ਦੇ ਸਾਬਕਾ ਕਰਮਚਾਰੀਆਂ ਸਮੇਤ 20 ਤੋਂ ਵੱਧ ਲੋਕਾਂ ਨੇ ਇਹ ਮੰਨਿਆ ਹੈ ਕਿ ਪੇਯੈਟ ਦੇ ਇਸ ਤਰ੍ਹਾਂ ਦੇ ਗਲਤ ਵਿਵਹਾਰ ਦੇ ਉਹ ਆਪ ਚਸ਼ਮਦੀਦ ਗਵਾਹ ਹਨ ਤੇ ਜਾਂ ਫਿਰ ਉਨ੍ਹਾਂ ਨਾਲ ਆਪ ਅਜਿਹਾ ਸਲੂਕ ਕੀਤਾ ਗਿਆ ਹੈ।

# ਐਗਲਿੰਟਨ ਤੇ ਐਲਨ ਰੋਡ ਉਤੇ ਚੱਲੀਆਂ ਗੋਲੀਆਂ, 6 ਜ਼ਖ਼ਮੀ



ਟੋਰਾਂਟੋ, 3 ਸਤੰਬਰ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਨੇ ਦੱਸਿਆ ਕਿ ਬੀਤੀ ਰਾਤ 2:00 ਵਜੇ ਓਕਵੁੱਡ ਤੇ ਮਾਰਲੀ ਐਵਨਿਊਜ਼ ਦਰਮਿਆਨ ਸਪੈਂਸਰਜ਼ ਬੇਕਰੀ ਅੰਦਰ ਕਈ ਲੋਕਾਂ ਵੱਲੋਂ ਪਾਰਟੀ ਕੀਤੀ ਗਈ।
ਇੰਸਪੈਕਟਰ ਟਿੰਮ ਕਰੋਨ ਦਾ ਕਹਿਣਾ ਹੈ ਕਿ ਉਹ ਸਾਰੇ ਮੀਂਹ ਤੋਂ ਬਚਣ ਦੀ ਕੋਸ਼ਿਸ਼ ਕਰ ਰਹੇ ਸਨ ਜਦੋਂ ਇੱਕ ਗੂੜ੍ਹੇ ਰੰਗ ਦੀ ਐਸਯੂਵੀ ਨੇ ਉੱਥੇ ਆ ਕੇ ਗੋਲੀਆਂ ਚਲਾ ਦਿੱਤੀਆਂ। ਇਸ ਦੌਰਾਨ ਛੇ ਵਿਅਕਤੀ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿੱਚੋਂ ਪੰਜ ਪੁਰਸ਼ ਤੇ ਇੱਕ ਮਹਿਲਾ ਸੀ। ਪੁਲਿਸ ਤੇ ਪੈਰਾਮੈਡਿਕਸ ਨੇ ਦੱਸਿਆ ਕਿ ਇਨ੍ਹਾਂ ਵਿਅਕਤੀਆਂ ਦੀਆਂ ਛਾਤੀਆਂ ਤੇ ਲੱਤਾਂ ਵਿੱਚ ਗੋਲੀਆਂ ਲੱਗੀਆਂ। ਪੁਲਿਸ ਨੇ ਦੱਸਿਆ ਕਿ ਇਨ੍ਹਾਂ ਸਾਰਿਆਂ ਦੇ ਬਚ ਜਾਣ ਦੀ ਉਮੀਦ ਹੈ। ਹੁਣ ਪੁਲਿਸ ਐਸਯੂਵੀ ਦੀ ਭਾਲ ਕਰ ਰਹੀ ਹੈ।

# ਪੌਟ ਸ਼ੌਪਜ਼ ਦੀ ਗਿਣਤੀ ਦੁੱਗਣੀ ਕਰੇਗੀ ਓਨਟਾਰੀਓ ਸਰਕਾਰ



ਓਨਟਾਰੀਓ, 3 ਸਤੰਬਰ (ਪੋਸਟ ਬਿਊਰੋ) : ਪ੍ਰੋਵਿੰਸ ਹੋਰ ਪੌਟ ਸ਼ੌਪਜ਼ ਖੁੱਲ੍ਹਣ ਜਾ ਰਹੀਆਂ ਹਨ। ਅਲਕੋਹਲ ਤੇ ਗੇਮਿੰਗ ਕਮਿਸ਼ਨ ਦਾ ਕਹਿਣਾ ਹੈ ਕਿ ਉਸ ਵੱਲੋਂ ਇਸ ਸਾਲ ਦੇ ਅੰਤ ਤੱਕ ਓਨਟਾਰੀਓ ਵਿੱਚ ਮੈਰੀਯੁਆਨਾ ਦੀਆਂ ਦੁਕਾਨਾਂ ਦੀ ਗਿਣਤੀ ਦੁੱਗਣੀ ਕੀਤੀ ਜਾਵੇਗੀ। ਫੋਰਡ ਸਰਕਾਰ ਨੇ ਪਹਿਲਾਂ ਇਹ ਐਲਾਨ ਕੀਤਾ ਸੀ ਕਿ ਰੈਗੂਲੇਟਰ ਹਰ ਮਹੀਨੇ 20 ਰੀਟੇਲ ਸਟੋਰਜ਼ ਨੂੰ ਆਥੋਰਾਈਜ਼ੇਸ਼ਨ ਜਾਰੀ ਕਰੇਗਾ ਤਾਂ ਕਿ ਇਹ ਅੰਕੜਾ ਹੁਣ ਵੱਧ ਕੇ 40 ਹੋ ਜਾਵੇ। ਕਮਿਸ਼ਨ ਨੇ ਆਖਿਆ ਕਿ ਉਹ ਸਾਰੇ ਪ੍ਰਭਾਵਿਤ ਬਿਨੈਕਾਰਾਂ ਨੂੰ ਸੰਪਰਕ ਕਰਕੇ ਇਸ ਤਬਦੀਲੀ ਬਾਰੇ ਜਾਣੂ ਕਰਵਾਉਣਗੇ।
ਏਜੀਸੀਓ ਦਾ ਕਹਿਣਾ ਹੈ ਕਿ ਹੁਣ ਤੱਕ ਉਸ ਵੱਲੋਂ 164 ਸਟੋਰਜ਼ ਨੂੰ ਮਨਜ਼ੂਰੀ ਦਿੱਤੀ ਜਾ ਚੁੱਕੀ ਹੈ ਤੇ ਇਸ ਸਮੇਂ 150 ਸਟੋਰਜ਼ ਖੁੱਲ੍ਹ ਚੁੱਕੇ ਹਨ।

# ਪ੍ਰੀਮੀਅਰ ਫੋਰਡ ਨੇ ਟੀਚਰਜ਼ ਯੂਨੀਅਨਾਂ ਉਤੇ ਸਿਆਸਤ ਖੇਡਣ ਦਾ ਲਾਇਆ ਦੋਸ਼




ਓਨਟਾਰੀਓ, 3 ਸਤੰਬਰ (ਪੋਸਟ ਬਿਊਰੋ) : ਓਨਟਾਰੀਓ ਦੀਆਂ ਟੀਚਰਜ਼ ਯੂਨੀਅਨਾਂ ਨਾਲ ਫੋਰਡ ਦਾ ਝਗੜਾ ਖਤਮ ਹੋਣ ਦਾ ਨਾਂ ਹੀ ਨਹੀਂ ਲੈ ਰਿਹਾ।
ਬੁੱਧਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਵਿੱਚ ਓਨਟਾਰੀਓ ਦੇ ਪ੍ਰੀਮੀਅਰ ਫੋਰਡ ਨੇ ਆਖਿਆ ਕਿ ਉਨ੍ਹਾਂ ਨੂੰ ਮੈਡੀਕਲ ਮਾਹਿਰਾਂ ਦੇ ਉੱਤੋਂ ਦੀ ਟੀਚਰਜ਼ ਯੂਨੀਅਨਾਂ ਦੀ ਸਲਾਹ ਲੈਣ ਦੀ ਕੋਈ ਲੋੜ ਨਹੀਂ। ਸਿੱਖਿਆ ਮੰਤਰੀ ਸਟੀਫਲ ਲਿਚੇ ਨਾਲ ਟੋਰਾਂਟੋ ਦੇ ਸਕੂਲ ਦਾ ਦੌਰਾ ਕਰਨ ਤੋਂ ਇੱਕ ਦਿਨ ਬਾਅਦ ਫੋਰਡ ਨੇ ਇਹ ਗੱਲ ਆਖੀ।
ਇੱਥੇ ਦੱਸਣਾ ਬਣਦਾ ਹੈ ਕਿ 31 ਅਗਸਤ ਨੂੰ ਓਨਟਾਰੀਓ ਦੀਆਂ ਚਾਰ ਟੀਚਰ ਯੂਨੀਅਨਾਂ, ਜਿਨ੍ਹਾਂ ਵਿੱਚ ਓਨਟਾਰੀਓ ਸੈਕੰਡਰੀ ਸਕੂਲ ਟੀਚਰਜ਼ ਫੈਡਰੇਸ਼ਨ, ਦੀ ਓਨਟਾਰੀਓ ਇੰਗਲਿਸ਼ ਕੈਥੋਲਿਕ ਟੀਚਰਜ਼ ਐਸੋਸਿਏਸ਼ਨ, ਦੀ ਐਲੀਮੈਂਟਰੀ ਟੀਚਰਜ਼ ਫੈਡਰੇਸ਼ਨ ਆਫ ਓਨਟਾਰੀਓ ਤੇ ਦੀ ਐਸੋਸਿਏਸ਼ਨ ਡੈਸ ਐਨਸੈਗਨੈਂਨਟੇਸ ਐਟ ਡੈਸ ਐਨਸੈਗਨੈਂਨਟੇਸ ਫਰੈਂਕੋ ਓਨਟਾਰੀਅਨਜ਼ ਸ਼ਾਮਲ ਹਨ, ਵੱਲੋਂ ਲੇਬਰ ਬੋਰਡ ਕੋਲ ਸ਼ਿਕਾਇਤ ਦਰਜ ਕਰਵਾਈ ਗਈ ਸੀ। ਸ਼ਿਕਾਇਤ ਵਿੱਚ ਆਖਿਆ ਗਿਆ ਸੀ ਕਿ ਓਨਟਾਰੀਓ ਸਰਕਾਰ ਉਨ੍ਹਾਂ ਦੀਆਂ ਚਿੰਤਾਵਾਂ ਦੂਰ ਕਰਨ ਵਿੱਚ ਅਸਫਲ ਰਹੀ ਹੈ। ਚਾਰ ਮੁੱਖ ਟੀਚਰ ਯੂਨੀਅਨਾਂ ਤੇ ਫੋਰਡ ਸਰਕਾਰ ਦਰਮਿਆਨ ਚੱਲ ਰਹੀ ਖਿੱਚੋਤਾਣ ਵਿੱਚ ਇਹ ਤਾਜ਼ਾ ਕੜੀ ਹੈ। ਬੁੱਧਵਾਰ ਨੂੰ ਕੀਤੀ ਗਈ ਪ੍ਰੈੱਸ ਕਾਨਫਰੰਸ ਵਿੱਚ ਪ੍ਰੀਮੀਅਰ ਫੋਰਡ ਨੇ ਆਖਿਆ ਕਿ ਟੀਚਰਜ਼ ਯੂਨੀਅਨਾਂ ਸਿਆਸਤ ਖੇਡ ਰਹੀਆਂ ਹਨ।

# ਛੁਰੇਬਾਜ਼ੀ ਦੀ ਘਟਨਾ ਵਿੱਚ ਇੱਕ ਵਿਅਕਤੀ ਗੰਭੀਰ ਜ਼ਖ਼ਮੀ



ਟੋਰਾਂਟੋ, 3 ਸਤੰਬਰ (ਪੋਸਟ ਬਿਊਰੋ) : ਕੱਲ੍ਹ ਸ਼ਾਮ ਨੂੰ ਛੁਰੇਬਾਜ਼ੀ ਦੀ ਇੱਕ ਘਟਨਾ ਵਿੱਚ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਇਸ ਮਾਮਲੇ ਦੀ ਜਾਂਚ ਟੋਰਾਂਟੋ ਪੁਲਿਸ ਵੱਲੋਂ ਕੀਤੀ ਜਾ ਰਹੀ ਹੈ।
ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਮਾਰਖਮ ਰੋਡ ਤੇ ਟਕਸੀਡੋ ਕੋਰਟ ਏਰੀਆ ਉੱਤੇ ਹੋਈ ਛੁਰੇਬਾਜ਼ੀ ਦੀ ਰਿਪੋਰਟ ਰਾਤੀਂ 8:00 ਵਜੇ ਮਿਲੀ। ਜਦੋਂ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ ਤਾਂ ਉਨ੍ਹਾਂ ਨੇ ਇੱਕ ਵਿਅਕਤੀ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਪਾਇਆ। ਉਸ ਨੂੰ ਪੈਰਾਮੈਡਿਕਸ ਵੱਲੋਂ ਲੋਕਲ ਹਸਪਤਾਲ ਲਿਜਾਇਆ ਗਿਆ।
ਜਾਂਚਕਾਰਾਂ ਨੇ ਆਖਿਆ ਕਿ ਉਹ ਇਸ ਮਾਮਲੇ ਵਿੱਚ ਮਸ਼ਕੂਕ ਦੀ ਭਾਲ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਮਸ਼ਕੂਕ ਇੱਕ ਮਹਿਲਾ ਹੈ, ਜਿਸ ਦੀ ਉਮਰ 35 ਸਾਲ ਦੇ ਨੇੜੇ ਤੇੜੇ, ਕੱਦ ਪੰਜ ਫੁੱਟ ਅੱਠ ਇੰਚ ਤੇ ਵਾਲਾ ਦਾ ਰੰਗ ਕਾਲਾ ਹੈ। ਇਸ ਸਬੰਧ ਵਿੱਚ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਰੱਖਣ ਵਾਲੇ ਨੂੰ ਪੁਲਿਸ ਨਾਲ ਸੰਪਰਕ ਕਰਨ ਲਈ ਆਖਿਆ ਗਿਆ ਹੈ।

# ਗੱਡੀ ਵਿੱਚ ਬੈਠੇ ਵਿਅਕਤੀ ਦਾ ਗੋਲੀ ਮਾਰ ਕੇ ਕੀਤਾ ਗਿਆ ਕਤਲ



ਨੌਰਥ ਯੌਰਕ, 3 ਸਤੰਬਰ (ਪੋਸਟ ਬਿਊਰੋ) : ਕੀਲ ਤੇ ਸ਼ੈਪਰਡ ਸਟਰੀਟ ਦੇ ਕੋਲ ਆਪਣੀ ਕਾਰ ਵਿੱਚ ਬੈਠੇ ਇੱਕ 50 ਸਾਲਾ ਵਿਅਕਤੀ ਦਾ ਕਿਸੇ ਨੇ ਗੋਲੀ ਮਾਰ ਕੇ ਕਤਲ ਕਰ ਦਿੱਤਾ।
ਟੋਰਾਂਟੋ ਪੁਲਿਸ ਇੰਸਪੈਕਟਰ ਮਨਦੀਪ ਮਾਨ ਨੇ ਦੱਸਿਆ ਕਿ ਇਲਾਕੇ ਵਿੱਚ ਮੌਜੂਦ ਇੱਕ ਹੋਰ ਕਾਰ ਵਿੱਚੋਂ ਇਸ ਵਿਅਕਤੀ ਨੂੰ ਕਿਸੇ ਵੱਲੋਂ ਨਿਸ਼ਾਨਾ ਬਣਾਇਆ ਗਿਆ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਇਸ ਵਿਅਕਤੀ ਨੂੰ ਸੋਚ ਸਮਝ ਕੇ ਮਾਰਿਆ ਗਿਆ। ਇਹ ਘਟਨਾ ਸਵੇਰੇ 5:00 ਵਜੇ ਸਟਾਈਲਕ੍ਰੌਫਟ ਡਰਾਈਵ ਉੱਤੇ ਵਾਪਰੀ।
ਉਸ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਪਰ ਉਸ ਨੂੰ ਬਚਾਇਆ ਨਹੀਂ ਜਾ ਸਕਿਆ। ਇਸ ਸਮੇਂ ਪੁਲਿਸ ਨੇ ਕਿਸੇ ਵੀ ਮਸ਼ਕੂਕ ਸਬੰਧੀ ਕੋਈ ਜਾਣਕਾਰੀ ਨਹੀਂ ਦਿੱਤੀ ਹੈ।

# ਟਰਾਂਜ਼ਿਟ ਰਾਈਡਰਜ਼ ਤੇ ਵਰਕਰਜ਼ ਦੀ ਹਿਫਾਜ਼ਤ ਲਈ 2 ਬਿਲੀਅਨ ਡਾਲਰ ਖਰਚੇਗੀ ਓਨਟਾਰੀਓ ਸਰਕਾਰ



ਓਨਟਾਰੀਓ, 3 ਸਤੰਬਰ (ਪੋਸਟ ਬਿਊਰੋ) : ਵ੍ਹਿਟਬੀ ਵਿੱਚ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਪ੍ਰੀਮੀਅਰ ਡੱਗ ਫੋਰਡ ਵੱਲੋਂ ਟਰਾਂਜ਼ਿਟ ਰਾਈਡਰਜ਼ ਤੇ ਵਰਕਰਜ਼ ਦੀ ਕੋਵਿਡ-19 ਤੋਂ ਹਿਫਾਜ਼ਤ ਲਈ ਅਪਣਾਏ ਜਾਣ ਵਾਲੇ ਮਾਪਦੰਡਾਂ ਦਾ ਖੁਲਾਸਾ ਕੀਤਾ ਗਿਆ।
ਪ੍ਰਾਪਤ ਜਾਣਕਾਰੀ ਅਨੁਸਾਰ ਸੇਫ ਰੀਸਟਾਰਟ ਪ੍ਰੋਗਰਾਮ ਤਹਿਤ ਪ੍ਰੋਵਿੰਸ ਵੱਲੋਂ ਪੂਰੇ ਓਨਟਾਰੀਓ ਵਿਚਲੀਆਂ ਟਰਾਂਜ਼ਿਟ ਸੇਵਾਵਾਂ ਲਈ 2 ਬਿਲੀਅਨ ਡਾਲਰ ਤੱਕ ਮੁਹੱਈਆ ਕਰਵਾਏ ਜਾਣਗੇ। ਖੁੱਸੀ ਹੋਈ ਆਮਦਨ ਨੂੰ ਪੂਰਾ ਕਰਨ ਲਈ ਇਸ ਯੋਜਨਾ ਤਹਿਤ 660 ਮਿਲੀਅਨ ਡਾਲਰ ਪਹਿਲੇ ਪੜਾਅ ਵਿੱਚ ਮੁਹੱਈਆ ਕਰਵਾਏ ਜਾਣਗੇ। ਜਿਨ੍ਹਾਂ ਚੀਜ਼ਾਂ ਉੱਤੇ ਮੁੱਖ ਤੌਰ ਉੱਤੇ ਖਰਚਾ ਕੀਤਾ ਜਾਵੇਗਾ ਉਨ੍ਹਾਂ ਵਿੱਚ ਡਰਾਈਵਰ ਪ੍ਰੋਟੈਕਸ਼ਨ ਬੈਰੀਅਰਜ਼, ਹੈਲਥ ਕਿਓਸਕਸ, ਸਾਰੇ ਸਟੇਸ਼ਨਾਂ ਉੱਤੇ ਤੇ ਸਾਰੇ ਟਰੇਨ ਰੂਟਜ਼ ਉੱਤੇ ਸੈਨੇਟਾਈਜ਼ਰ ਡਿਸਪੈਂਸਰਜ਼, ਸਾਰੇ ਕਸਟਮਰਜ਼ ਤੇ ਸਟਾਫ ਲਈ ਲਾਜ਼ਮੀ ਫੇਸ ਮਾਸਕਸ ਆਦਿ ਸ਼ਾਮਲ ਹਨ।
ਵਧੇਰੇ ਸਾਫ ਸਫਾਈ ਉੱਤੇ ਆਉਣ ਵਾਲੀ ਲਾਗਤ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਪ੍ਰੋਵਿੰਸ ਵੱਲੋਂ 15 ਮਿਲੀਅਨ ਡਾਲਰ ਮਿਊਂਸਪੈਲਿਟੀਜ਼ ਨੂੰ ਮੁਹੱਈਆ ਕਰਵਾਏ ਜਾਣਗੇ। ਐਸੋਸਿਏਟ ਮਨਿਸਟਰ ਆਫ ਟਰਾਂਸਪੋਰਟੇਸ਼ਨ ਕਿੰਗਾ ਸੁਰਮਾ ਨੇ ਦੱਸਿਆ ਕਿ ਪਬਲਿਕ ਟਰਾਂਸਪੋਰਟ ਸੈਕਟਰ ਦੇ ਸਹਿਯੋਗ ਤੇ ਪ੍ਰੋਵਿੰਸ ਭਰ ਵਿੱਚ ਯਾਤਰੀਆਂ ਦੀ ਸਿਹਤ ਤੇ ਸੇਫਟੀ ਦੀ ਹਿਫਾਜ਼ਤ ਲਈ ਪ੍ਰੋਵਿੰਸ਼ੀਅਲ ਸਰਕਾਰ ਸਾਰੇ ਮਾਪਦੰਡਾਂ ਨੂੰ ਯਕੀਨੀ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡ ਰਹੀ। ਟਰਾਂਸਪੋਰਟੇਸ਼ਨ ਮੰਤਰੀ ਕੈਰੋਲੀਨ ਮਲਰੋਨੀ ਨੇ ਆਖਿਆ ਕਿ ਰਾਈਡਰਜ਼ ਤੇ ਵਰਕਰਜ਼ ਦੀ ਹਿਫਾਜ਼ਤ ਲਈ ਪਿਛਲੇ ਕੁੱਝ ਮਹੀਨਿਆਂ ਤੋਂ ਜੀਅ ਤੋੜ ਕੋਸ਼ਿਸ਼ ਕਰ ਰਹੀਆਂ ਟਰਾਂਜ਼ਿਟ ਏਜੰਸੀਆਂ ਦੀ ਉਹ ਸ਼ੁਕਰਗੁਜ਼ਾਰ ਹਨ।

# 700 ਹਾਈ ਸਕੂਲ ਅਧਿਆਪਕ ਕਰਵਾਉਣਗੇ ਆਨਲਾਈਨ ਪੜ੍ਹਾਈ!

ਟੋਰਾਂਟੋ, 3 ਸਤੰਬਰ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਕਾਰਨ 14,000 ਵਿਦਿਆਰਥੀਆਂ ਵੱਲੋਂ ਰੀਮੋਟ ਲਰਨਿੰਗ ਨੂੰ ਤਰਜੀਹ ਦਿੱਤੇ ਜਾਣ ਤੋਂ ਬਾਅਦ ਟੋਰਾਂਟੋ ਪਬਲਿਕ ਬੋਰਡ ਵੱਲੋਂ 700 ਅਧਿਆਪਕਾਂ ਨੂੰ ਕਲਾਸਾਂ ਵਿੱਚ ਪੜ੍ਹਾਈ ਕਰਵਾਉਣ ਦੀ ਥਾਂ ਉੱਤੇ ਆਨਲਾਈਨ ਪੜ੍ਹਾਈ ਕਰਵਾਉਣ ਦੀ ਜ਼ਿੰਮੇਵਾਰੀ ਦਿੱਤੀ ਜਾਵੇਗੀ।
ਕਲਾਸਾਂ ਸ਼ੁਰੂ ਹੋਣ ਵਿੱਚ ਦੋ ਹਫਤੇ ਦਾ ਸਮਾਂ ਰਹਿ ਗਿਆ ਹੈ। ਇਸ ਦੇ ਮੱਦੇਨਜ਼ਰ ਡਾਇਰੈਕਟਰ ਆਫ ਐਜੂਕੇਸ਼ਨ ਕੈਰਲੀਨ ਜੈਕਸਨ ਨੇ ਟਰੱਸਟੀਜ਼ ਨੂੰ ਈਮੇਲ ਭੇਜ ਕੇ ਇਹ ਦੱਸਿਆ ਹੈ ਕਿ 79 ਫੀ ਸਦੀ ਜਾਂ 57000 ਵਿਦਿਆਰਥੀ ਸਕੂਲ ਪਰਤ ਕੇ ਪੜ੍ਹਾਈ ਕਰਨ ਲਈ ਤਿਆਰ ਹਨ ਜਦਕਿ 21 ਫੀ ਸਦੀ ਵਿਦਿਆਰਥੀਆਂ ਵੱਲੋਂ ਵਰਚੂਅਲ ਸਕੂਲ ਭਾਵ ਘਰ ਤੋਂ ਹੀ ਪੜ੍ਹਾਈ ਨੂੰ ਤਰਜੀਹ ਦਿੱਤੀ ਜਾਵੇਗੀ। ਇਸ ਲਈ ਹੁਣ ਸਟਾਫਿੰਗ ਤੇ ਟਾਈਮਟੇਬਲਜ਼ ਵਿੱਚ ਤਬਦੀਲੀਆਂ ਉੱਤੇ ਕੰਮ ਸ਼ੁਰੂ ਹੋ ਗਿਆ ਹੈ। ਇਸ ਤਬਦੀਲੀ ਤੋਂ ਮਤਲਬ ਇਹ ਹੋਵੇਗਾ ਕਿ 1000 ਵਿਦਿਆਰਥੀਆਂ ਵਾਲੇ ਹਾਈ ਸਕੂਲ ਕੋਲ ਜੇ 50 ਅਧਿਆਪਕ ਹਨ ਤਾਂ ਆਨਲਾਈਨ ਲਰਨਿੰਗ ਲਈ ਉਨ੍ਹਾਂ ਨੂੰ 15 ਅਧਿਆਪਕ ਦੇਣੇ ਹੋਣਗੇ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana



ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Paramjit Deol
Broker
CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated
Tel:905-405-8484
www.paramjitdeol.com
Email: pdeol3@yahoo.ca


"Your neighborhood broker, Call Paramjit Deol Today"

**Mississauga $749,000**

**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**

**3210 Highway 7 Rd 5511:** Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**

**Westmount/Blockline Rd:** Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**

**39 Shiff Cres:** This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.

**MISSISSAUGA $299,000**
Photo Not Available
**7885 Tranmere Dr:** Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Mississauga $749,000**

**7089 Torbram Rd :** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**
Photo Not Available
**23 Wilmot St:** Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000**
Photo Not Available
**Simcoe St/Highway 407:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**
Photo Not Available
**115 Orenda Dr:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks, Very Low Rent, Tons Of Inventory.

**Brampton $749,000**

**Mississauga Rd/Sandalwood Pkwy :** 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**

**Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit, 13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**

**124 Cornwall Rd:** Move In Ready Designer Concept, Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**

**Queen St/Logan Ave:** Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**

**King St/Industry:** Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**

**Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

## ਅੱਜ ਨਾਮਾ

ਮੁੜਦਾ ਨਹੀਉਂ ਨਵਾਜ਼ ਤਾਂ ਪਾਕਿ ਵੰਨੀਂ,
ਹੁਕਮ ਬੇਸ਼ੱਕ ਅਦਾਲਤ ਵੀ ਕਰੀ ਜਾਵੇ।
ਅਦਾਲਤ ਆਖਦੀ ਆਵਣਾ ਪਊ ਆਖਰ,
ਬਹਾਨਾ ਕੋਈ ਨਵਾਜ਼ ਪਿਆ ਭਰੀ ਜਾਵੇ।
ਖਬਰਾਂ ਕਹਿਣ ਕਿ ਨਹੀਂ ਬਿਮਾਰ ਬੰਦਾ,
ਡਿਨਰ ਹੋਟਲਾਂ ਅੰਦਰ ਉਹ ਚਰੀ ਜਾਵੇ।
ਪਿੱਛੇ ਕਾਹਲਾ ਇਮਰਾਨ ਵੀ ਪਿਆ ਜਾਪੇ,
ਤਲਵਾਰ ਧੌਣ 'ਤੇ ਕਿਵੇਂ ਵੀ ਧਰੀ ਜਾਵੇ।
ਜਿਸ ਤਰ੍ਹਾਂ ਭੁੱਟੋ ਨੂੰ ਟੰਗਿਆ ਗਿਆ ਹੈਸੀ,
ਉਹ ਹੀ ਨੀਤ ਇਮਰਾਨ ਦੀ ਜਾਪਦੀ ਆ।
ਕੀਤਾ ਏ ਫੌਜ ਨੇ ਜਿੰਦਾਂ ਦਾ ਹੁਕਮ ਪਿੱਛੋਂ,
ਅਦਲਤ ਓਹੋ ਜਿਹਾ ਰਾਗ ਅਲਾਪਦੀ ਆ।

ਤੀਸ ਮਾਰ ਖਾਂ

# ਕੋਰੋਨਾ ਦੇ ਬਹਾਨੇ ਕੌੜ-ਕੁੜੱਤਣ: ਕੇਜਰੀਵਾਲ ਵਲੋਂ ਪੰਜਾਬ ਵਿੱਚ ਘਰ-ਘਰ ਔਕਸੀਮੀਟਰ ਵੰਡਣ ਦੀ ਸ਼ੁਰੂਆਤ

*** ਪੰਜਾਬੀਆਂ ਦੇ ਲਈ ਵੀਡੀਓ ਸੰਦੇਸ਼ ਵੀ ਜਾਰੀ ਕੀਤਾ**



ਚੰਡੀਗੜ੍ਹ, 3 ਸਤੰਬਰ, (ਪੋਸਟ ਬਿਊਰੋ)- ਪੰਜਾਬ ਵਿਚ ਕੋਰੋਨਾ ਵਾਇਰਸ ਦੇ ਲਗਾਤਾਰ ਵਧ ਰਹੇ ਕੇਸਾਂ ਦੌਰਾਨ ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਮਦਦ ਲਈ ਹੱਥ ਵਧਾਇਆ ਹੈ। ਉਨ੍ਹਾ ਕਿਹਾ ਹੈ ਕਿ ਪੰਜਾਬ ਵਿਚ ਉਨ੍ਹਾਂ ਦੇ ਵਰਕਰ ਘਰ-ਘਰ ਜਾ ਕੇ ਲੋਕਾਂ ਨੂੰ ਆਕਸੀਮੀਟਰ ਵੰਡਣਗੇ।

ਅੱਜ ਜਾਰੀ ਕੀਤੇ ਵੀਡੀਉ ਸੰਦੇਸ਼ ਰਾਹੀਂ ਕੇਜਰੀਵਾਲ ਨੇ ਪੰਜਾਬ ਦੇ ਲੋਕਾਂ ਨੂੰ ਆਮ ਆਦਮੀ ਪਾਰਟੀ ਦੇ ਵਰਕਰਾਂ ਨੂੰ ਇਸ ਵਿਚ ਸਹਿਯੋਗ ਦੀ ਅਪੀਲ ਕੀਤੀ ਤੇ ਕਿਹਾ ਕਿ 'ਕੋਰੋਨਾ ਹਰ ਪਾਸੇ ਫੈਲ ਰਿਹਾ ਹੈ। ਪੰਜਾਬ ਵਿਚ ਵੀ ਕਾਫ਼ੀ ਫੈਲ ਚੁੱਕਾ ਹੈ। ਸਭ ਨੂੰ ਇਕੱਠੇ ਹੋ ਕੇ ਕੁਝ ਕਦਮ ਚੁੱਕਣ ਦੀ ਜ਼ਰੂਰਤ ਹੈ।' ਉਨ੍ਹਾਂ ਕਿਹਾ ਕਿ ਦਿੱਲੀ ਵਿਚ ਆਕਸੀਮੀਟਰ ਬੜਾ ਮਦਦਗਾਰ ਸਾਬਤ ਹੋਇਆ ਹੈ। ਇਸ ਲਈ ਆਮ ਆਦਮੀ ਪਾਰਟੀ ਪੰਜਾਬ ਦੇ ਹਰ ਪਿੰਡ ਆਕਸੀਮੀਟਰ ਵੰਡੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਵਰਕਰ ਹਰ ਘਰ ਜਾ ਕੇ ਲੋਕਾਂ ਦਾ ਆਕਸੀਜਨ ਪੱਧਰ ਵੇਖਣਗੇ। ਕੇਜਰੀਵਾਲ ਨੇ ਕਿਹਾ ਕਿ ਕੋਰੋਨਾ ਦੇ ਇਨਫੈਕਸ਼ਨ ਨਾਲ ਆਕਸੀਜਨ ਦਾ ਪੱਧਰ ਡਿੱਗ ਜਾਂਦਾ ਤੇ ਮੌਤ ਹੋ ਸਕਦੀ ਹੈ। ਇਸ ਲਈ ਅਸੀਂ ਆਕਸੀਜਨ ਪੱਧਰ ਦੀ ਜਾਂਚ ਕਰਾਂਗੇ ਅਤੇ ਜੇ ਕਿਸੇ ਵਿਚ ਆਕਸੀਜਨ ਘੱਟ ਹੋਈ ਤਾਂ ਉਸ ਨੂੰ ਜਾਂਚ ਲਈ ਹਸਪਤਾਲ ਪਹੁੰਚਾਇਆ ਜਾਵੇਗਾ।

ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਦੀ ਇਸ ਪਹਿਲ ਦਾ ਸਿਆਸੀ ਪੱਖ ਤੋਂ ਕਈ ਧਿਰਾਂ ਵੱਲੋਂ ਵਿਰੋਧ ਵੀ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਸ਼ਾਮਲ ਹਨ।

# ਕੈਪਟਨ ਅਮਰਿੰਦਰ ਨੇ ਕੇਜਰੀਵਾਲਨੂੰ ਪੰਜਾਬ ਤੋਂ ਦੂਰ ਰਹਿਣ ਦੀ ਨਸੀਹਤ ਦਿੱਤੀ

*** ਆਪ ਪਾਰਟੀ ਵਰਕਰ ਉੱਤੇ ਅਫਵਾਹਾਂ ਫੈਲਾਉਣ ਦਾ ਕੇਸ ਦਰਜ**

ਚੰਡੀਗੜ੍ਹ, 3 ਸਤੰਬਰ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਵੀਰਵਾਰ ਦਿਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਕੋਵਿਡ ਸੰਕਟ ਦੇ ਨਾਂ ਉੱਤੇਪੰਜਾਬ ਦੇ ਲੋਕਾਂ ਨੂੰ ਭੜਕਾਉਣ ਤੋਂ ਗੁਰੇਜ਼ ਕਰਨ ਦੀ ਚਿਤਾਵਨੀ ਦਿੱਤੀ ਹੈ ਅਤੇ ਪੰਜਾਬ ਤੋਂ ਪਰੇ ਰਹਿਣ ਲਈ ਨਸੀਹਤ ਦਿੱਤੀ ਹੈ। ਇਸ ਦੌਰਾਨ ਪੁਲਸ ਨੇ ਮੋਗਾ ਤੋਂ ਆਮ ਆਦਮੀ ਪਾਰਟੀ ਦੇ ਇੱਕ ਵਰਕਰ ਦੇ ਖਿਲਾਫ ਅਫਵਾਹਾਂ ਫੈਲਾਉਣ ਦਾ ਕੇਸ ਵੀ ਦਰਜ ਕੀਤਾ ਹੈ।

ਅਸਲ ਵਿੱਚ ਪਿਛਲੇ ਦਿਨਾਂ ਵਿੱਚ ਕੋਰੋਨਾ ਵਾਇਰਸ ਦੇ ਨਾਂਅ ਉੱਤੇ ਪੰਜਾਬ ਵਿੱਚ ਵੱਡੀ ਗਿਣਤੀ ਵਿੱਚ ਝੂਠੀਆਂ ਖ਼ਬਰਾਂ ਤੇ ਭੜਕਾਊ ਵੀਡੀਓਜ਼ ਵਾਇਰਲ ਹੋਈਆਂ ਹਨ, ਜਿਨ੍ਹਾਂਵਿੱਚੋਂ ਇਕ ਵੀਡੀਓ ਦਾ ਪ੍ਰਚਾਰ ਆਮ ਆਦਮੀ ਪਾਰਟੀ ਦੇ ਸਰਗਰਮ ਵਰਕਰ ਵੱਲੋਂ ਕਰਨ ਦੀ ਗੱਲ ਪਤਾ ਲੱਗੀ ਹੈ।ਇ ਪਾਰਟੀ ਦੇ ਵਰਕਰ ਅਮਰਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਤਾਂ ਜੋ ਪਤਾ ਲਾਇਆ ਜਾ ਸਕੇ ਕਿ ਇਕ ਲਾਸ਼ ਬਾਰੇ ਪੋਸਟ ਨੂੰ ਚਾਰੇ ਪਾਸੇ ਫੈਲਾਉਣ ਤੇ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰਨ ਲਈ ਕਿਸ ਨੇ ਉਸ ਨੂੰ ਕਿਹਾ ਸੀ ਕਿ ਮ੍ਰਿਤਕਾਂ ਦੇ ਅੰਗ ਕੱਢੇ ਜਾ ਰਹੇ ਹਨ।

ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਵਰਕਰ ਵੱਲੋਂ ਪ੍ਰਚਾਰੀ ਗਈ ਵੀਡੀਓ-ਪੋਸਟ ਦੇ ਵਿੱਚ ਲੋਕਾਂ ਨੂੰ ਸਿਹਤ ਵਿਭਾਗ ਨਾਲ ਸਹਿਯੋਗ ਨਾ ਕਰਨ ਲਈ ਭੜਕਾਇਆ ਜਾ ਰਿਹਾ ਹੈ, ਜਿਸ ਨਾਲ ਲੋਕਾਂ ਦੀ ਸਿਹਤ ਨੂੰ ਖ਼ਤਰਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਅਫ਼ਵਾਹਾਂ ਨਾਲ ਇਕ ਭਾਈਚਾਰੇ ਦੇ ਲੋਕਾਂ ਨੂੰ ਜ਼ਰੂਰੀ ਸਿਹਤ ਸਹੂਲਤਾਂ ਲੈਣ ਤੋਂਰੋਕਿਆ ਜਾਂਦਾ ਹੈ, ਜਿਹੜੀਆਂ ਸਾਰੇ ਪੀੜਤੇ ਲੋਕਾਂ ਤੱਕ ਪੁਚਾਉਣ ਦੀ ਲੋੜ ਹੈ। ਇਹ ਸਾਫ਼ ਤੌਰ ਉੱਤੇਪੰਜਾਬ ਦੇ ਲੋਕਾਂ, ਜੋ ਬੀਮਾਰੀ ਨਾਲ ਜੂਝ ਰਹੇ ਹਨ, ਦੇ ਖ਼ਿਲਾਫ਼ ਅਪਰਾਧਿਕ ਸਾਜ਼ਿਸ਼ ਹੈ।ਮੁੱਖ ਮੰਤਰੀ ਨੇ ਕਿਹਾ ਕਿ ਇਹ ਪੰਜਾਬ ਦੇ ਹਿੱਤਾਂ ਦੇ ਵਿਰੁੱਧ ਗੈਰ-ਸਮਾਜੀ ਦੀ ਵੱਡੀ ਯੋਜਨਾ ਦਾ ਸੂਚਕ ਹੈ ਅਤੇ ਅੱਜ ਵੀਰਵਾਰ ਪੁਲਸ ਨੇ ਥਾਣਾ ਸਿਵਲ ਲਾਈਨਜ਼ ਪਟਿਆਲਾ ਵਿਖੇ ਇਕ ਮੈਡੀਕਲ ਪੱਤਰਕਾਰ, ਜਿਸ ਨੂੰ ਕੋਵਿਡ ਬਾਰੇ ਨਕਲੀ ਵੀਡੀਓ ਬਣਾਉਣ ਤੇ ਪ੍ਰਚਾਰਿਤ ਕਰਨ ਲਈ 100 ਡਾਲਰ ਦੀ ਪੇਸ਼ਕਸ਼ ਹੋਈ ਸੀ, ਦੀ ਸ਼ਿਕਾਇਤ ਉੱਤੇ ਇਕ ਕੇਸ ਦਰਜ ਕੀਤਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਅਰਵਿੰਦ ਕੇਜਰੀਵਾਲ ਦੀ ਔਕਸੀਮੀਟਰ ਵੰਡਣ ਦੀ ਵੀਡੀਓ ਬਾਰੇ ਕਿਹਾ ਕਿ ਇਹ ਵੀਡੀਓ ਪ੍ਰਚਾਰ ਮੁਹਿੰਮ, ਜਿਸ ਵਿੱਚਆਮ ਆਦਮੀ ਪਾਰਟੀ ਦੇ ਵਰਕਰਾਂ ਨੂੰ ਪੰਜਾਬ ਦੇ ਪਿੰਡਾਂ ਅਤੇ ਗਲੀਆਂ ਵਿੱਚ ਜਾ ਕੇ ਔਕਸੀਮੀਟਰਾਂ ਨਾਲ ਲੋਕਾਂ ਦੇ ਆਕਸੀਜਨ ਪੱਧਰ ਜਾਂਚਣ ਨੂੰ ਕਿਹਾ ਗਿਆ ਹੈ, ਇਹ ਇਸ ਪਾਰਟੀਵੱਲੋਂ ਪੰਜਾਬ ਸਰਕਾਰ ਦੇ ਇਸ ਲਾਗ ਦੀ ਬੀਮਾਰੀ ਨੂੰ ਠੱਲ੍ਹ ਪਾ ਕੇ ਸੂਬੇ ਦੇ ਲੋਕਾਂ ਦੀਆਂ ਜਾਨਾਂ ਬਚਾਉਣ ਦੀਆਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਖੋਰਾ ਲਾਉਣ ਬਾਰੇ ਕਈ ਕਿੰਤੂ ਖੜ੍ਹੇ ਕਰਦੀ ਹੈ। ਉਨ੍ਹਾਂ ਨੇ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਦੇ ਇਸ ਫ਼ੈਸਲੇ ਨਾਲ ਪੰਜਾਬ ਦੀ ਸੁਰੱਖਿਆ ਤੇ ਅਖੰਡਤਾ ਨੂੰ ਗੰਭੀਰ ਨਤੀਜੇ ਭੁਗਤਣੇ ਪੈ ਸਕਦੇ ਹਨ। ਉਨ੍ਹਾਂ ਕੇਜਰੀਵਾਲ ਨੂੰ ਚਿਤਾਵਨੀ ਦਿੱਤੀ ਕਿ ਉਹ ਸਰਹੱਦ ਪਾਰ ਦੀਆਂ ਭਾਰਤ ਵਿਰੋਧੀ ਤਾਕਤਾਂ ਦੇ ਹੱਥਾਂ ਵਿੱਚ ਨਾ ਖੇਡਣ, ਜੋ ਕੋਰੋਨਾ ਦੀ ਵਰਤੋਂ ਤਾਜ਼ਾ ਸੰਕਟ ਨੂੰ ਵਧਾਉਣ ਲਈ ਕਰ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਪੰਜਾਬ ਤੋਂ ਦੂਰ



ਰਹਿ ਕੇ ਆਪਣੇ ਸੂਬੇ ਵਿੱਚ ਕੋਵਿਡ ਕੰਟਰੋਲ ਦੇ ਪ੍ਰਬੰਧ ਵੱਲ ਧਿਆਨ ਦੇਣ, ਜਿੱਥੇ ਕੱਲ੍ਹ 2500 ਨਵੇਂ ਕੇਸਾਂ ਨਾਲ ਸਥਿਤੀ ਦਿਨੋ-ਦਿਨ ਵਿਗੜਦੀ ਜਾਂਦੀ ਹੈ ਅਤੇ ਹਸਪਤਾਲਾਂ ਵਿੱਚ ਆਈ ਸੀ ਯੂ ਬੈੱਡ ਫੇਰ ਖ਼ਤਮ ਹੋ ਰਹੇ ਹਨ। ਉਨ੍ਹਾਂ ਨੇ ਦਿੱਲੀ ਦੇ ਮੁੱਖ ਮੰਤਰੀ ਨੂੰ ਕਿਹਾ, 'ਸਾਨੂੰ ਤੁਹਾਡੇ ਔਕਸੀਮੀਟਰਾਂ ਦੀ ਲੋੜਨਹੀਂ, ਤੁਹਾਡੇ ਵਰਕਰਾਂ ਉੱਤੇ ਲਗਾਮ ਲਾਉਣ ਦੀ ਲੋੜ ਹੈ, ਜਿਹੜੇ ਲੋਕਾਂ ਨੂੰ ਹਸਪਤਾਲਾਂ ਵਿੱਚ ਕੋਵਿਡ ਟੈਸਟ ਅਤੇ ਇਲਾਜ ਨਾ ਕਰਾਉਣ ਲਈ ਭੜਕਾ ਰਹੇ ਹਨ।'

ਦੂਸਰੇ ਪਾਸੇ ਅੱਜ ਫਿਰੋਜ਼ਪੁਰ ਦੇ ਥਾਣਾ ਕੁੱਲਗੜੀ ਦੇ ਪਿੰਡ ਮਿਸ਼ਰੀਵਾਲਾ ਨਾਜੂ ਸ਼ਾਹ ਦੇ ਆਮ ਆਦਮੀ ਪਾਰਟੀ ਦੇ ਵਰਕਰ ਅਮਰਿੰਦਰ ਸਿੰਘ ਨੂੰ ਸੋਸ਼ਲ ਮੀਡੀਆ ਉੱਤੇ ਝੂਠੀ ਤੇ ਲੋਕਾਂ ਨੂੰ ਗੁੰਮਰਾਹ ਕਰਦੀ ਪੋਸਟ ਪਾਉਣ ਲਈ ਆਈ ਟੀ ਐਕਟ ਦੀ ਧਾਰਾ 66, 54 ਡੀ ਐੱਮ ਏ ਅਤੇ 153 ਆਈ ਪੀ ਸੀ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ। ਮੋਗਾ ਵਿੱਚੋਂ ਸੋਸ਼ਲ ਮੀਡੀਆ ਉੱਤੇ ਭੜਕਾਉਣ ਅਤੇ ਅਫਵਾਹਾਂ ਫੈਲਾਉਣ ਵਾਲੇ 31 ਸਾਲਾਂ ਦੇ ਅਮਰਿੰਦਰ ਸਿੰਘ ਨੇ ਪੋਸਟ ਕੀਤੀਆਂ ਤਸਵੀਰਾਂ ਅਤੇ ਵੀਡੀਓਜ਼ ਵਿੱਚ ਦਾਅਵਾ ਕੀਤਾ ਸੀ ਕਿ ਡਾਕਟਰ ਕੋਵਿਡ ਮਰੀਜ਼ਾਂ ਦੇ ਮਹੱਤਵਪੂਰਨ ਅੰਗ ਕੱਢ ਰਹੇ ਹਨ। ਪੋਸਟਾਂ-ਵੀਡੀਓਜ਼ ਵਿੱਚ ਲੋਕਾਂ ਨੂੰ ਸਿਹਤ ਵਰਕਰਾਂ ਨਾਲ ਸਹਿਯੋਗ ਨਾ ਕਰਨ ਨੂੰ ਉਕਸਾਇਆ ਗਿਆ ਤੇ ਅਫਵਾਹ ਫੈਲਾਈ ਗਈ ਹੈ ਕਿ ਮ੍ਰਿਤਕ ਮਰੀਜ਼ਾਂ ਦੇ ਸਰੀਰ ਦੇ ਅੰਗ ਕੱਢੇ ਜਾਂਦੇ ਹਨ। ਪਤਾ ਲੱਗਾ ਹੈ ਕਿ ਅਮਰਿੰਦਰ ਸਿੰਘ ਆਮ ਆਦਮੀ ਪਾਰਟੀ ਦਾ ਵਰਕਰ ਹੈ ਤੇ ਫਿਰੋਜ਼ਪੁਰ ਹਲਕੇ ਤੋਂ ਇਸ ਪਾਰਟੀ ਦੀ ਟਿਕਟ ਦਾ ਚਾਹਵਾਨ ਹੈ। ਉਹ ਇਸ ਪਾਰਟੀ ਦੀਆਂ ਰਾਜਸੀ ਗਤੀਵਿਧੀਆਂ ਵਿੱਚ ਭੂਮਿਕਾ ਨਿਭਾ ਰਿਹਾ ਅਤੇ ਪਾਰਟੀ ਵੱਲੋਂ ਧਰਨੇ, ਮੁਜ਼ਾਹਰਿਆਂ ਵਿੱਚ ਹਿੱਸਾ ਲੈਂਦਾ ਹੈ।

# ਵੱਡੇ ਬਾਦਲ ਨੇ ਚੁੱਪ ਤੋੜੀ: ਕੇਂਦਰੀ ਆਰਡੀਨੈਂਸਾਂ ਦੀ ਹਮਾਇਤ ਕੀਤੀ ਤੇ ਕਾਂਗਰਸ ਉੱਤੇ ਤਿੱਖੇ ਨਿਸ਼ਾਨੇ ਸਾਧੇ

*** ਬਾਦਲ ਦੇ ਭਾਜਪਾ ਪ੍ਰੇਮ ਉੱਤੇ ਭਗਵੰਤ ਮਾਨ ਭੜਕਿਆ**



ਚੰਡੀਗੜ੍ਹ, 3 ਸਤੰਬਰ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦੋਸ਼ ਲਾਇਆ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਆਪਣੀ ਸਰਕਾਰ ਦੀਆਂ ਮੁਕੰਮਲ ਨਾਕਾਮੀਆਂ ਛੁਪਾਉਣ ਲਈ ਖੇਤੀ ਆਰਡੀਨੈਂਸ ਦੇ ਮੁੱਦੇ ਉੱਤੇ ਪੰਜਾਬ ਦੇ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ। ਉਨ੍ਹਾਂ ਨੇ ਸਾਰੇ ਪੰਜਾਬ ਦੇ ਵਾਸੀਆਂ ਨੂੰ ਅਪੀਲ ਕੀਤੀ ਕਿ ਕੇਂਦਰ ਸਰਕਾਰ ਦੇ ਆਰਡੀਨੈਂਸ ਦੇ ਖਿਲਾਫ ਗੁਮ-ਰਾਹਕੁਨ ਪ੍ਰਚਾਰ ਤੋਂ ਬਚਣ।

ਅਕਾਲੀ ਦਲ ਦੇ ਸਰਪ੍ਰਸਤ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅੱਜ ਲੰਬੇ ਸਮੇਂ ਬਾਅਦ ਲੰਬੀ ਜ਼ਿਲ੍ਹੇ ਦੇ ਪਿੰਡ ਬਾਦਲ ਵਿਚ ਆਪਣੇ ਘਰ ਤੋਂ ਚੁੱਪ ਤੋੜਦਿਆਂ ਇੱਕ ਵੀਡੀਓ ਸੰਦੇਸ਼ ਰਾਹੀਂ ਲੋਕਾਂ ਨੂੰ ਕਿਹਾ ਕਿ ਅਕਾਲੀ ਦਲ ਨੇ ਦੇਸ਼ ਦੀ ਅਜ਼ਾਦੀ, ਪੰਜਾਬ ਦੇ ਹਿੱਤਾਂ ਦੀ ਰਾਖ਼ੀ ਤੇ ਕਿਸਾਨੀ ਦੀ ਬਿਹਤਰੀ ਲਈ ਲੰਬਾ ਸੰਘਰਸ਼ ਕੀਤਾ। ਦੇਸ਼ ਦੀ ਅਮਨ-ਸ਼ਾਂਤੀ ਲਈ ਜ਼ਰੂਰੀ ਕਦਮ ਤੇ ਪੰਜਾਬ ਦੇ ਹਿੱਤਾਂ ਲਈ ਹਰ ਤਰ੍ਹਾਂ ਦੀਆਂ ਕੁਰਬਾਨੀਆਂ ਦਿੱਤੀਆਂ ਅਤੇ ਹਰ ਲੜਾਈ ਅੱਗੇ ਹੋ ਕੇ ਲੜੀਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੇ ਹਿੱਤਾਂ ਲਈ ਅਕਾਲੀ ਦਲ ਨੇ ਹਮੇਸ਼ਾ ਅਗਾਂਹ-ਵਧੂ ਤੇ ਲੰਬੀ ਸੋਚ ਵਾਲੇ ਫੈਸਲੇ ਲਏ ਹਨ। ਵੱਡੇ ਬਾਦਲ ਨੇ ਕਿਹਾ ਕਿ ਪਿੰਡਾਂ ਵਿੱਚ ਫੋਕਲ ਪੁਆਇੰਟ ਬਣਵਾਏ ਸਨ ਤਾਂ ਜੋ ਕਿਸਾਨਾਂ ਦੀ ਫ਼ਸਲ ਦੀ ਖ਼ਰੀਦ ਹੋ ਸਕੇ, ਕਿਸਾਨਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਦਿੱਤੀਆਂ ਅਤੇ ਪੰਜਾਬ ਦਾ ਸਰਬਪੱਖੀ ਵਿਕਾਸ ਕੀਤਾ ਸੀ। ਉਨ੍ਹਾ ਕਿਹਾ ਕਿ ਅੱਜ ਫਸਲਾਂ ਦੀ ਘੱਟੋ-ਘੱਟ ਖਰੀਦ ਕੀਮਤ (ਐੱਮ ਐੱਸ ਪੀ)ਬਾਰੇ ਰਾਜਨੀਤੀ ਕਰਕੇ ਉਹ ਲੋਕ ਕਿਸਾਨਾਂ ਨੂੰ ਗੁੰਮਰਾਹ ਕਰ ਰਹੇ ਹਨ, ਜਿਨ੍ਹਾਂ ਦੀ ਪੰਜਾਬ ਨੂੰ ਕੋਈ ਦੇਣ ਨਹੀਂ, ਜਦੋਂ ਕਿ ਅਕਾਲੀ ਦਲ ਨੇ ਕੇਂਦਰ ਸਰਕਾਰ ਨਾਲ ਕੀਤੀ ਗੱਲਬਾਤ ਪਿੱਛੋਂ ਇਹ ਵਿਸ਼ਵਾਸ਼ ਦੁਆਇਆ ਹੈ ਕਿ ਐੱਮ ਐੱਸ ਪੀ ਕਿਸੇ ਹਾਲਤ ਵਿੱਚ ਖ਼ਤਮ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਬਾਰੇ ਅਕਾਲੀ ਦਲ ਨੇ ਕੇਂਦਰੀ ਮੰਤਰੀ ਦੀ ਚਿੱਠੀ ਲਿਆਂਦੀ ਹੈ।

ਵੱਡੇ ਬਾਦਲ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਨਾਂ ਲਏ ਬਿਨਾਂ ਵਾਰ ਕੀਤਾ ਕਿ ਉਹ ਲੋਕ ਇਸ ਦਾ ਵਿਰੋਧ ਕਰਦੇ ਹਨ, ਜਿਨ੍ਹਾਂ ਨੇ ਪੰਜਾਬ ਲਈ ਕੁਝ ਨਹੀਂ ਕੀਤਾ, ਸਗੋਂ ਉਸ ਪਾਰਟੀ ਵੱਲੋਂਸਰਕਾਰਾਂ ਸੰਭਾਲੀਆਂ, ਜਿਸਨੇ ਸਿੱਖੀ ਦਾ ਘਾਣ ਕੀਤਾ, ਹਰਮੰਦਰ ਸਾਹਿਬ ਉੱਤੇ ਹਮਲਾ ਕੀਤਾ ਤੇ ਹਰ ਪੱਖੋਂ ਉਸ ਪਾਰਟੀ ਨੇ ਪੰਜਾਬ ਦਾ ਨੁਕਸਾਨ ਕੀਤਾ ਹੈ। ਐੱਸ ਵਾਈ ਐੱਲ ਨਹਿਰ ਬਾਰੇ ਉਨ੍ਹਾ ਫ਼ਿਰ ਕਿਹਾ ਕਿ ਜਦੋਂ ਇੰਦਰਾ ਗਾਂਧੀ ਨੇ ਇਸ ਨਹਿਰ ਦਾ ਨੀਂਹ ਪੱਥਰ ਰੱਖਿਆ ਸੀ, ਓਦੋਂ ਕੈਪਟਨ ਅਮਰਿੰਦਰ ਸਿੰਘ ਨੇ ਮੁਬਾਰਕਬਾਦ ਦਿੱਤੀ ਸੀ। ਉਨ੍ਹਾਂ ਨੇ ਕਾਂਗਰਸ ਤੇ ਕੈਪਟਨ ਅਮਰਿੰਦਰ ਸਿੰਘਬਾਰੇ ਕਿਹਾ ਕਿ ਇਨ੍ਹਾਂਵੱਲੋਂ ਗੁੰਮਰਾਹਕੁੰਨ ਪ੍ਰਚਾਰ ਤੋਂ ਲੋਕਾਂ ਨੂੰ ਸੁਚੇਤ ਹੋਣਾ ਚਾਹੀਦਾ ਹੈ।

ਦੂਸਰੇ ਪਾਸੇ ਸੰਗਰੂਰ ਦੇ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਬਿਆਨ ਬਾਰੇ ਕਿਹਾ ਕਿ ਬਾਦਲ ਨੂੰ ਅੱਜ ਇਸ ਲਈ ਬੋਲਣਾ ਪਿਆ ਕਿ ਉਨ੍ਹਾਂ ਦੇ ਪੁੱਤਰ ਸੁਖਬੀਰ ਸਿੰਘ ਬਾਦਲ ਬੋਲੇ ਤਾਂ ਕੋਈ ਉਸ ਦਾ ਯਕੀਨ ਨਹੀਂ ਕਰਦਾ। ਮਾਨ ਨੇ ਕਿਹਾ ਹੈ ਕਿ ਸਿਰਫ ਅਕਾਲੀ ਦਲ ਕਹਿੰਦਾ ਹੈ ਕਿ ਖੇਤੀ ਆਰਡੀਨੈਂਸ ਚੰਗਾ ਹੈ, ਪਰ ਦੋ ਦਿਨ ਪਹਿਲਾਂ ਕੇਂਦਰ ਸਰਕਾਰ ਨੇ ਕਹਿ ਦਿੱਤਾ ਹੈ ਕਿ ਅਸੀਂ ਕੋਈ ਝੋਨਾ ਜਾਂ ਕਣਕ ਨਹੀਂ ਖਰੀਦਣੀ, ਜਿੰਨੀ ਕੁ ਲੋੜ ਹੈ, ਓਨੀ ਖਰੀਦਾਂਗੇ। ਮਾਨ ਨੇ ਕਿਹਾ ਕਿ ਆਉਂਦੇ ਸਮੇਂ ਵਿੱਚ ਕੇਂਦਰ ਕਣਕ ਅਤੇ ਝੋਨਾ ਨਹੀਂ ਖਰੀਦੇਗੀ ਤਾਂ ਪ੍ਰਾਈਵੇਟ ਕੰਪਨੀਆਂ ਮਰਜ਼ੀ ਦੇ ਰੇਟਾਂ ਉੱਤੇ ਕਣਕ-ਝੋਨਾ ਖਰੀਦਣਗੀਆਂ। ਮਾਨ ਨੇ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਆਰਡੀਨੈਂਸ ਨੂੰ ਹਰਸਿਮਰਤ ਕੌਰ ਬਾਦਲ ਦੀ ਕੁਰਸੀ ਬਚਾਉਣ ਲਈ ਸਹੀ ਆਖ ਰਹੇ ਹਨ। ਇਸ ਮੌਕੇ ਭਗਵੰਤ ਮਾਨ ਨੇ ਕਿਹਾ ਕਿ ਵੱਡੇ ਬਾਦਲ ਕਹਿੰਦੇ ਹਨ ਕਿ ਉਨ੍ਹਾਂ ਨੇ ਕੁਰਬਾਨੀਆਂ ਦਿੱਤੀਆਂ ਹਨ, ਪਰ ਇਹ ਦੱਸਣ ਕਿ ਉਨ੍ਹਾਂ ਨੇ ਕੀ ਕੁਰਬਾਨੀ ਕੀਤੀ ਹੈ। ਮੁੱਖ ਮੰਤਰੀ ਦੇ ਅਹੁਦਿਆਂ ਤੋਂ ਅਸਤੀਫੇ ਦੇਣੇ ਕੁਰਬਾਨੀ ਨਹੀਂ ਹੁੰਦੀ, ਕੇਂਦਰ ਵਿੱਚ ਬਾਦਲ ਅਕਾਲੀ ਦਲ ਨੇ ਕਿਸਾਨਾਂ ਦੇ ਹੱਕ ਵਿਚ ਨਹੀਂ, ਕਿਸਾਨਾਂ ਦੇ ਵਿਰੋਧ ਵਿੱਚ ਵੋਟ ਪਾਈ ਹੋਈ ਹੈ।

# ਕੈਨੇਡਾ ਵਿਖੇ ਸਰੂਪ ਛਾਪਣ ਦਾ ਮਾਮਲਾ: ਪੀ ਡੀ ਐੱਫ ਫਾਈਲ ਦੀ ਪੈੱਨ ਡਰਾਈਵ ਜ਼ਬਤ

*** ਜਥੇਦਾਰ ਅਕਾਲ ਤਖਤ ਦਾ ਰੁਖ ਹੋਰ ਸਖਤ ਹੋਇਆ**

ਅੰਮ੍ਰਿਤਸਰ, 3 ਸਤੰਬਰ, (ਪੋਸਟ ਬਿਊਰੋ)- ਕੈਨੇਡਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਛਾਪਣ ਲਈ ਵਰਤੀ ਗਈ ਪੀ ਡੀ ਐੱਫ ਫਾਈਲ ਵਾਲੀ ਪੈੱਨ ਡਰਾਈਵ ਜਬਤ ਕਰ ਲਈ ਗਈ ਹੈ, ਜਿਸ ਨਾਲ ਇਸ ਦੀ ਅਗਲੀ ਜਾਂਚ ਕਰਨੀ ਹੋਰ ਸੌਖੀ ਹੋ ਗਈ ਹੈ। ਇਸ ਦੌਰਾਨ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੇ ਵੀ ਸਖਤ ਰੁਖ ਧਾਰਨ ਕਰ ਲਿਆ ਹੈ।


ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਰਿਪੁਦਮਨ ਸਿੰਘ ਮਲਕ ਤੇ ਬਲਵੰਤ ਸਿੰਘ ਪੰਧੇਰ ਸਰੀ, ਬੀ ਸੀ ਕੋਲੋਂ ਭਾਈ ਹਰਦੀਪ ਸਿੰਘ ਨਿੱਝਰ (ਮੁੱਖ ਸੇਵਾਦਾਰ ਗੁਰੂ ਨਾਨਕ ਸਿੱਖ ਗੁਰਦੁਆਰਾ ਸੁਸਾਇਟੀ ਸਰੀ-ਡੈਲਟਾ) ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਅਤੇ ਛਪਾਈ ਲਈ ਵਰਤੀ ਗਈ ਮਸ਼ੀਨਰੀ ਅਤੇਪੀ ਡੀ ਐੱਫ ਫਾਈਲ ਵਾਲੀ ਪੈੱਨ ਡਰਾਈਵ ਲੈ ਲਈ ਹੈ ਅਤੇ ਇਸ ਬਾਰੇ ਰਿਪੁਦਮਨ ਸਿੰਘ ਮਲਕ ਅਤੇ ਬਲਵੰਤ ਸਿੰਘ ਪੰਧੇਰ ਨੂੰ ਇਹ ਦੱਸਣ ਨੂੰ ਕਿਹਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਛਾਪਣ ਲਈ ਪੀ ਡੀ ਐੱਫ ਫਾਈਲ ਦੀ ਪੈੱਨ ਡਰਾਈਵ ਕਿਸ ਤੋਂ ਅਤੇ ਕਿਥੋਂਲਈ ਹੈ। ਉਨ੍ਹਾਂ ਕਿਹਾ ਕਿ ਇਹ ਜਾਣਕਾਰੀ 15 ਦਿਨਾਂ ਅੰਦਰ ਦਫ਼ਤਰ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਭੇਜਣ ਨੂੰ ਕਿਹਾ ਗਿਆ ਹੈ। ਵਰਨਣ ਯੋਗ ਹੈ ਕਿ ਰਿਪੁਦਮਨ ਸਿੰਘ ਮਲਿਕ ਤੇ ਬਲਵੰਤ ਸਿੰਘ ਪੰਧੇਰ ਵੱਲੋਂਆਪਣੀ ਨਿੱਜੀ ਸੰਸਥਾ ਸਤਿਨਾਮ ਰਿਲੀਜਸ ਸੁਸਾਇਟੀ ਰਾਹੀਂ ਪਾਵਨ ਸਰੂਪ ਛਾਪਣ ਬਾਰੇਸੰਗਤਾਂ ਵੱਲੋਂਸ਼ਿਕਾਇਤਾਂ ਉੱਤੇ 24 ਅਗਸਤ ਨੂੰ ਕਾਰਵਾਈ ਕੀਤੀ ਗਈ ਸੀ। ਇਸ ਵਿਚ ਪੰਜ ਸਿੰਘ ਸਾਹਬਾਨ ਦੇ ਅਕਾਲ ਤਖ਼ਤ ਸਾਹਿਬ ਦੇ 9 ਮਈ 1998 ਦੇ ਹੁਕਮਨਾਮੇ ਦੀ ਉਲੰਘਣਾ ਦਾ ਹਵਾਲਾ ਦੇ ਕੇ ਫੈਸਲਾ ਹੋਇਆ ਸੀ ਕਿ ਰਿਪੁਦਮਨ ਸਿੰਘ ਮਲਿਕ ਅਤੇ ਬਲਵੰਤ ਸਿੰਘ ਪੰਧੇਰ ਤੋਂ ਇੱਕ ਮਹੀਨੇ ਦੇ ਅੰਦਰ ਸਪੱਸ਼ਟੀਕਰਨ ਲੈ ਕੇ ਸ੍ਰੀ ਅਕਾਲ ਤਖ਼ਤ ਵਿਖੇ ਭੇਜਿਆ ਜਾਵੇ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca



# ਸੰਪਾਦਕੀ

## ਯੂਥ ਅਪਰਾਧੀਆਂ ਨੂੰ ਸਖ਼ਤ ਸਜ਼ਾਵਾਂ ਜਰੂਰੀ!

13 ਅਗਸਤ ਨੂੰ ਬਰੈਂਪਟਨ ਵਿੱਚ 22 ਸਾਲਾ ਸੂਰਜਦੀਪ ਸਿੰਘ ਦੇ ਗੁਰਦੁਆਰਾ ਸਾਹਿਬ ਤੋਂ ਪਰਤਣ ਵੇਲੇ ਹੋਏ ਕਤਲ ਨੂੰ ਲੈ ਕੇ ਬਰੈਂਪਟਨ ਮੇਅਰ ਪੈਟਰਿਕ ਬਰਾਊਨ ਨੇ ਇੱਕ ਅਹਿਮ ਬਿਆਨ ਦਿੱਤਾ ਹੈ। ਪੈਟਰਿਕ ਬਰਾਊਨ ਮੁਤਾਬਕ ਸੂਰਜਦੀਪ ਸਿੰਘ ਦਾ ਘਿਨਾਉਣਾ ਕਤਲ ਕਰਨ ਵਾਲੇ 16 ਸਾਲਾ ਲੜਕੇ ਨੂੰ ਇੱਕ ਬਾਲਗ ਵਜੋਂ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ ਜਿਸ ਵਾਸਤੇ ਸਿਫ਼ਾਰਸ਼ ਕਰਨ ਲਈ ਉਹ ਉਂਟੇਰੀਓ ਦੇ ਅਟਾਰਨੀ ਜਨਰਲ ਨੂੰ ਪੱਤਰ ਲਿਖਣਗੇ। ਸੂਰਜਦੀਪ ਸਿੰਘ ਦਾ ਪਰਿਵਾਰ ਅਤੇ ਕਮਿਊਨਿਟੀ ਦੇ ਕਾਰਕੁਨ ਇਨਸਾਫ਼ ਵਾਸਤੇ ਗੁਹਾਰ ਕਰ ਹੀ ਰਹੇ ਹਨ।

ਸੂਰਜਦੀਪ ਸਿੰਘ ਦਾ ਕਤਲ ਇਸ ਮਹੱਤਵਪੂਰਣ ਮੁੱਦੇ ਉੱਤੇ ਮੁੜ ਸੋਚਣ ਵਾਸਤੇ ਮਜ਼ਬੂਰ ਕਰਦਾ ਹੈ ਕਿ ਕੀ ਗੰਭੀਰ ਅਪਰਾਧ ਕਰਨ ਵਾਲੇ ਯੁਵਕਾਂ ਨੂੰ ਬਾਲਗਾਂ ਵਾਲੀ ਸਜ਼ਾ ਦਿੱਤੀ ਨਹੀਂ ਦਿੱਤੀ ਜਾਣੀ ਚਾਹੀਦੀ? ਕਿਸੇ ਸਮਾਜ ਦਾ ਆਧਾਰ ਬੱਚਿਆਂ ਦੀ ਸਹੀ ਪ੍ਰਵਰਿਸ਼ ਅਤੇ ਉਹਨਾਂ ਦੀਆਂ ਚੰਗੀਆਂ ਆਦਤਾਂ ਉੱਤੇ ਟਿਕਿਆ ਹੈ। ਪਿਛਲੇ ਦਹਾਕਿਆਂ ਤੋਂ ਇਹ ਵਿਚਾਰਧਾਰਾ ਪ੍ਰਬਲ ਹੋਈ ਹੈ ਕਿ ਯੁਵਕਾਂ ਨੂੰ ਸਹੀ ਰਸਤੇ ਉੱਤੇ ਤੋਰਨ ਵਿੱਚ ਜਿੱਥੇ ਮਾਪਿਆਂ ਦਾ ਹੱਥ ਹੁੰਦਾ ਹੈ, ਉਸਦੇ ਨਾਲ ਹੀ ਮਾਪਿਆਂ ਤੋਂ ਵਿਰਵੇ ਜਾਂ ਜੀਵਨ ਵਿੱਚ ਸਹੀ ਅਵਸਰਾਂ ਦੀ ਘਾਟ ਕਾਰਣ ਪਿੱਛੇ ਰਹਿ ਜਾਣ ਵਾਲੇ ਯੁਵਕਾਂ ਨੂੰ ਢੁੱਕਵੇਂ ਮੌਕੇ ਦੇਣੇ ਸਮਾਜ ਅਤੇ ਸਰਕਾਰ ਦਾ ਕਰੱਤਵ ਹੁੰਦਾ ਹੈ। ਹਰ ਸੋਚਵਾਨ ਸ਼ਹਿਰੀ ਦਾ ਇਸ ਵਿਚਾਰਧਾਰਾ ਨਾਲ ਸਹਿਮਤ ਹੋਣਾ ਸੁਭਾਵਿਕ ਹੈ। ਇਸ ਵਾਸਤੇ ਯੁਵਕਾਂ ਨੂੰ ਗਲਤੀਆਂ ਸੁਧਾਰਨ ਲਈ ਸਹੀ ਅਵਸਰ ਦੇਣੇ ਲਾਜ਼ਮੀ ਹਨ। ਇਸ ਵਿਚਾਰਧਾਰਾ ਨਾਲ ਸਹਿਮਤ ਹੁੰਦੇ ਹੋਏ ਸੁਆਲ ਇਹ ਵੀ ਹੈ ਕਿ ਜਦੋਂ ਕੋਈ ਯੁਵਕ ਗੰਭੀਰ ਅਪਰਾਧ ਕਰਨ ਦੇ ਰਾਹ ਤੁਰਦਾ ਹੈ ਕੀ ਉਸਨੂੰ ਬਣਦੀ ਸਜ਼ਾ ਨਹੀਂ ਮਿਲਣੀ ਚਾਹੀਦੀ?

ਕੈਨੇਡੀਅਨ ਯੂਥ ਕ੍ਰਿਮੀਨਲ ਜਸਟਿਸ ਐਕਟ ਮੁਤਾਬਕ ਜੇ ਕਿਸੇ ਯੁਵਕ ਨੂੰ ਗੰਭੀਰ ਅਪਰਾਧ (Indictable offences) ਦਾ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਸਨੂੰ ਅਦਾਲਤ ਵੱਲੋਂ ਬਾਲਗ ਵਜੋਂ ਸਜ਼ਾ ਦਿੱਤੀ ਜਾ ਸਕਦੀ ਹੈ। ਇਹਨਾਂ ਅਪਰਾਧਾਂ ਵਿੱਚ ਕਤਲ, ਕਤਲ ਕਰਨ ਦੀ ਕੋਸ਼ਿਸ਼, ਗੰਭੀਰ ਕਿਸਮ ਦੇ ਜਿਣਸੀ ਹਮਲੇ ਜਾਂ ਹੋਰ ਗੰਭੀਰ ਅਪਰਾਧ ਸ਼ਾਮਲ ਹਨ। ਕਾਨੂੰਨੀ ਸ਼ਬਦਾਵਲੀ ਵਿੱਚ ਅਜਿਹੇ ਕੇਸਾਂ ਨੂੰ presumptive crime ਕਿਹਾ ਜਾਂਦਾ ਹੈ ਭਾਵ ਉਹ ਅਪਰਾਧ ਜਿੱਥੇ ਸਪੱਸ਼ਟ ਹੈ ਕਿ ਯੁਵਕ ਨੂੰ ਅਪਰਾਧ ਵਾਸਤੇ ਬਾਲਗ ਸਜ਼ਾ ਮਿਲਣੀ ਚਾਹੀਦੀ ਹੈ। ਜਿਹੜੇ ਕੇਸ presumptive ਨਾ ਹੋਣ ਪਰ ਬਾਲਗ ਸਜ਼ਾ ਦੇਣ ਲਈ ਰਾਹ ਖੋਲਣਾ ਹੋਵੇ ਤਾਂ ਕਰਾਊਨ ਨੂੰ ਯੁਵਕ ਅਤੇ ਅਦਾਲਤ ਦੋਵਾਂ ਨੂੰ ਨੋਟਿਸ ਦੇਣ ਦੀ ਲੋੜ ਹੁੰਦੀ ਹੈ ਕਿ ਬਾਲਗ ਸਜ਼ਾ ਲਈ ਚਾਰਾਜੋਈ ਕੀਤੀ ਜਾਵੇਗੀ। ਕਿਉਂਕਿ ਕਰਾਊਨ ਵਕੀਲ ਸਰਕਾਰੀ ਹੁੰਦੇ ਹਨ ਇਸ ਕਰਕੇ ਅਜਿਹਾ ਕਰਨ ਦਾ ਅਧਿਕਾਰ ਖੇਤਰ ਅਟਾਰਨੀ ਜਨਰਲ ਦਾ ਹੁੰਦਾ ਹੈ।

ਮੇਅਰ ਪੈਟਰਿਕ ਬਰਾਊਨ ਵੱਲੋਂ ਅਟਾਰਨੀ ਜਨਰਲ ਨੂੰ ਪੱਤਰ ਲਿਖਣ ਦੀ ਗੱਲ ਕਰਨਾ ਦਿਲਚਸਪ ਮੁੱਦਾ ਹੈ। ਕੀ ਉਹਨਾਂ ਨੂੰ ਇਸ ਗੱਲ ਦਾ ਪਤਾ ਹੈ ਕਿ ਅਦਾਲਤ ਵੱਲੋਂ ਸੂਰਜਦੀਪ ਦੇ ਕਤਲ ਲਈ ਜੁੰਮੇਵਾਰ ਲੜਕਿਆਂ ਨੂੰ ਬਾਲਗ ਸਜ਼ਾ ਲਈ ਨਹੀਂ ਵਿਚਾਰਿਆ ਜਾਵੇਗਾ? ਜੇ ਅਜਿਹਾ ਹੈ ਤਾਂ ਪੁਲੀਸ ਨੇ ਕਿਹੜੇ ਚਾਰਜ ਲਾਏ ਹਨ ਜਿਹਨਾਂ ਦੇ ਚੱਲਦੇ ਦੋਸ਼ੀ ਗੰਭੀਰ ਸਜ਼ਾ ਤੋਂ ਬਚ ਸਕਦੇ ਹਨ? ਇਸ ਕਾਨੂੰਨੀ ਮੁੱਦੇ ਨੂੰ ਮਾਹਰ ਵਕੀਲ ਹੀ ਸਹੀ ਢੰਗ ਨਾਲ ਸਪੱਸ਼ਟ ਕਰ ਸਕਦੇ ਹਨ ਪਰ ਮੇਅਰ ਬਰਾਊਨ ਜੋ ਖੁਦ ਵਕੀਲ ਹਨ, ਜਰੂਰ ਮਾਮਲੇ ਦੀ ਤਹਿ ਤੱਕ ਜਾ ਕੇ ਬਿਆਨ ਦਿੱਤਾ ਹੋਵੇਗਾ।

ਯੁਵਕਾਂ ਨੂੰ ਗੰਭੀਰ ਅਪਰਾਧਾਂ ਵਾਸਤੇ ਨਰਮ ਸਜ਼ਾਵਾਂ ਦੇਣ ਦੇ ਹਾਮੀ ਬਹੁਤੀ ਵਾਰ ਉਹਨਾਂ ਅੰਕੜਿਆਂ ਦਾ ਸਹਾਰਾ ਲੈਂਦੇ ਹਨ ਜਿਹਨਾਂ ਵਿੱਚ ਦਰਸਾਇਆ ਜਾਂਦਾ ਹੈ ਕਿ ਅਪਰਾਧ ਦੀ ਦਰ ਵਿੱਚ ਲਗਾਤਾਰ ਕਮੀ ਆ ਰਹੀ ਹੈ। ਇਸ ਪਹੁੰਚ ਨੂੰ ਲੈ ਕੇ ਹੀ ਸਿਆਸੀ ਬਿਆਨਬਾਜ਼ੀ ਕੀਤੀ ਜਾਂਦੀ ਹੈ। ਪਰ ਇਨਸਾਫ਼ ਦਾ ਤਰਾਜ਼ੂ ਉਹਨਾਂ ਲਈ ਵੀ ਬਰਾਬਰ ਤੁਲਣਾ ਚਾਹੀਦਾ ਹੈ ਜਿਹਨਾਂ ਦੇ ਪਰਿਵਾਰਕ ਜੀਅ ਇਹਨਾਂ ਕਾਤਲਾਂ ਦੇ ਸ਼ਿਕਾਰ ਹੋ ਜਾਂਦੇ ਹਨ। ਸਹੀ ਹੈ ਕਿ ਆਮ ਅਪਰਾਧਾਂ ਲਈ ਯੁਵਕਾਂ ਨੂੰ ਸੁਧਰਨ ਦਾ ਹਰ ਸੰਭਵ ਅਵਸਰ ਦਿੱਤਾ ਜਾਣਾ ਚਾਹੀਦਾ ਹੈ ਪਰ ਜਦੋਂ ਗੰਭੀਰ ਅਪਰਾਧਾਂ ਦੀ ਗੱਲ ਆਉਂਦੀ ਹੈ ਤਾਂ ਸਜ਼ਾ ਗੰਭੀਰ ਕਿਉਂ ਨਹੀਂ ਹੋਣੀ ਚਾਹੀਦੀ? ਵੈਸੇ ਵੀ ਪੀਲ ਰੀਜਨ ਵਿੱਚ ਅਪਰਾਧਾਂ ਦੀਆਂ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਪੀਲ ਪੁਲੀਸ ਦੀ ਸਾਲਾਨਾ ਰਿਪੋਰਟ ਮੁਤਾਬਕ 2018 ਵਿੱਚ ਮਿਸੀਸਾਗਾ ਬਰੈਂਪਟਨ ਵਿੱਚ 242 ਛੁਰੇਬਾਜ਼ੀ ਦੀਆਂ ਘਟਨਾਵਾਂ ਹੋਈਆਂ ਜੋ 2017 ਨਾਲੋਂ 55% ਵੱਧ ਸਨ। 2018 ਵਿੱਚ ਇਹਨਾਂ ਦੋਵਾਂ ਸ਼ਹਿਰਾਂ ਵਿੱਚ ਪੁਲੀਸ ਨੇ ਕ੍ਰਿਮੀਨਲ ਕੋਡ ਤਹਿਤ 43000 ਕੇਸ ਦਰਜ਼ ਕੀਤੇ। ਕੀ ਇਹ ਅੰਕੜੇ ਦਿਲ ਦਹਿਲਾਉਣ ਵਾਲੇ ਨਹੀਂ ਹਾਲਾਂ ਕਿ 2019 ਦੇ ਅੰਕੜੇ ਉਪਲਬਧ ਨਹੀਂ ਹੋਏ ਹਨ!

## ਓਨਟਾਰੀਓ ਸਰਕਾਰ ਕਰੇਗੀ 37 ਮਿਲੀਅਨ ਡਾਲਰ ਦਾ ਨਿਵੇਸ਼

...ਪੰਨਾ 1 ਦਾ ਬਾਕੀ

ਇਹ ਵੀ ਦੱਸਿਆ ਗਿਆ ਕਿ ਇਹ ਟਰੇਨਿੰਗ ਬਹੁਤੇ ਕੇਸਾਂ ਵਿੱਚ ਮੁਫਤ ਮੁਹੱਈਆ ਕਰਵਾਈ ਜਾਵੇਗੀ।

ਫੋਰਡ ਨੇ ਆਖਿਆ ਕਿ ਸਾਨੂੰ ਵਧੇਰੇ ਸਕਿੱਲਡ ਵਰਕਰਜ਼ ਦੀ ਲੋੜ ਹੈ। ਇਹ ਵੱਡੀ ਸਮੱਸਿਆ ਹੈ ਪਰ ਸਾਨੂੰ ਇਹ ਸਮੱਸਿਆ ਸੁਲਝਾਉਣੀ ਵੀ ਹੋਵੇਗੀ।

ਇਸ ਰਕਮ ਵਿੱਚੋਂ ਓਕਵਿੱਲ, ਓਨਟਾਰੀਓ ਸਥਿਤ ਫੋਰਡ ਮੋਟਰ ਕੰਪਨੀ ਆਊਟਪੋਸਟ ਨੂੰ 954,000 ਡਾਲਰ, ਥੌਰਨਡੇਲ, ਓਨਟਾਰੀਓ ਸਥਿਤ ਗ੍ਰੀਨਹਾਊਸ ਅਕੈਡਮੀ ਨੂੰ 440,000 ਡਾਲਰ,ਰੋਲੈਂਡ ਗੌਸੇਜ ਫਾਊਂਡੇਸ਼ਨ ਨੂੰ 500,000 ਡਾਲਰ ਮੁਹੱਈਆ ਕਰਵਾਏ ਜਾਣਗੇ।

ਫੋਰਡ ਸਰਕਾਰ ਵੱਲੋਂ ਕਾਰੋਬਾਰਾਂ ਵਿੱਚ ਔਰਤਾਂ ਦੀ ਮਦਦ ਤੇ ਸਿਹਤ ਅਤੇ ਸੇਫਟੀ ਟਰੇਨਿੰਗ ਲਈ ਪ੍ਰੋਵਿੰਸ਼ੀਅਲ ਬਿਲਡਿੰਗ ਐਂਡ ਕੰਸਟ੍ਰਕਸ਼ਨ ਟਰੇਡਜ਼ ਕਾਉਂਸਲ ਆਫ ਓਨਟਾਰੀਓ ਰਾਹੀਂ 450,000 ਡਾਲਰ ਨਿਵੇਸ਼ ਕੀਤਾ ਜਾਵੇਗਾ।

## ਟਰੰਪ ਨੇ ਵੋਟਰਾਂ ਨੂੰ ਦੋ-ਦੋ ਵਾਰ ਵੋਟਾਂ ਪਾਉਣ ਲਈ ਕਹਿ ਦਿੱਤਾ

ਵਾਸ਼ਿੰਗਟਨ, 3 ਸਤੰਬਰ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਗਲੀ ਰਾਸ਼ਟਰਪਤੀ ਚੋਣ ਵਿੱਚ ਵੋਟਰਾਂ ਨੂੰ ਦੋ-ਦੋ ਵਾਰ ਵੋਟਾਂ ਪਾਉਣ ਲਈ ਕਹਿ ਦਿੱਤਾ ਹੈ। ਮੇਲ-ਇਨ ਬੈਲੇਟ ਵੋਟਿੰਗ ਦਾ ਸ਼ੁਰੂ ਤੋਂ ਵਿਰੋਧ ਕਰਦੇ ਰਹੇ ਡੋਨਾਲਡ ਟਰੰਪ ਨੇ ਕਿਹਾ ਕਿ ਲੋਕਾਂ ਨੂੰ ਦੋ ਵਾਰ ਵੋਟ ਪਾਉਣੀ ਚਾਹੀਦੀ ਹੈ। ਇਕ ਵਾਰ ਮੇਲ ਬੈਲੇਟ ਨਾਲ ਅਤੇ ਦੂਜੀ ਵਾਰ ਵੋਟਿੰਗ ਕੇਂਦਰ ਜਾ ਕੇ, ਇਸ ਨਾਲ ਚੋਣ ਪ੍ਰਬੰਧਾਂ ਦੀ ਸਹੀ ਜਾਂਚ ਹੋ ਸਕੇਗੀ।



ਵਿਲਮਿੰਗਟਨ ਏਅਰ ਪੋਰਟਉੱਤੇਆਪਣੇ ਸਮਰਥਕਾਂ ਨੂੰ ਟਰੰਪ ਨੇ ਕਿਹਾ ਕਿ ਅਮਰੀਕਾ ਦੇ ਇਤਿਹਾਸ ਵਿਚ ਇਹ ਚੋਣ ਸਭ ਤੋਂਵੱਧ ਮਹੱਤਵ ਪੂਰਨ ਹੈ, ਸਾਡੇ ਸਾਹਮਣੇ ਕਈ ਵੱਡੇ ਮੁੱਦੇ ਹਨ, ਲੋਕ ਵੱਡੇ ਸੰਕਟਾਂਦਾ ਸਾਹਮਣਾ ਕਰ ਰਹੇ ਹਨ। ਇਸ ਪਿੱਛੋਂ ਉਨ੍ਹਾ ਨੇ ਇਕ ਟੀਵੀ ਇੰਟਰਵਿਊ ਵਿੱਚ ਨਵੰਬਰ ਵਿੱਚ ਹੋ ਰਹੀ ਚੋਣ ਦੌਰਾਨ ਲੋਕਾਂ ਨੂੰ ਪਹਿਲਾਂ ਬੈਲੇਟ ਵੋਟਿੰਗ ਅਤੇ ਫਿਰ ਵੋਟਿੰਗ ਬੂਥ ਵਿੱਚ ਜਾ ਕੇ ਵੋਟ ਪਾਉਣ ਲਈ ਕਿਹਾ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਬੈਲੇਟ ਭੇਜਣ ਦਿਉ ਤੇ ਵੋਟਿੰਗ ਲਈ ਵੀ ਜਾਉ। ਟਰੰਪ ਨੇ ਕਿਹਾ ਕਿ ਦਾਅਵਾ ਕੀਤਾ ਜਾਂਦਾ ਹੈ ਕਿ ਸਾਡੀ ਚੋਣ ਵਿਵਸਥਾ ਦਰੁਸਤ ਹੈ, ਜੇ ਸੱਚ ਹੈ ਤਾਂ ਲੋਕ ਦੁਬਾਰਾ ਵੋਟ ਨਹੀਂ ਪਾ ਸਕਦੇ, ਪਰ ਜੇ ਕੋਈ ਖਾਮੀ ਹੋਈ ਤਾਂ ਦੋ ਵਾਰ ਵੀ ਵੋਟ ਪਾ ਦੇਣਗੇ।

ਅਸਲ ਵਿੱਚ ਕੋਰੋਨਾ ਇਨਫੈਕਸ਼ਨ ਦੇ ਕਾਰਨ ਦੇਸ਼ ਵਿਚ ਬੈਲੇਟ ਨਾਲ ਵੋਟ ਕਰਨ ਵਾਲਿਆਂ ਦੀ ਗਿਣਤੀ ਵਧ ਰਹੀ ਹੈ। ਟਰੰਪ ਸ਼ੁਰੂ ਤੋਂ ਇਸ ਦਾ ਵਿਰੋਧ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਵਿਚ ਵੱਡੇ ਪੱਧਰ ਉੱਤੇ ਧੋਖਾਧੜੀ ਹੋ ਸਕਦੀ ਹੈ।ਅਮਰੀਕਾ ਦੇ ਅਟਾਰਨੀ ਜਨਰਲ ਵਿਲੀਅਮ ਬਰ ਨੇ ਮੇਲ ਬੈਲੇਟ ਰਾਹੀਂ ਧੋਖਾਧੜੀ ਦੀ ਚਿਤਾਵਨੀ ਦਿੱਤੀ ਹੈ। ਉਨ੍ਹਾਂ ਨੇ ਇਸ ਦਾ ਕਾਰਨਨਹੀਂ ਦੱਸਿਆ, ਪ੍ਰੰਤੂ ਏਨਾ ਕਿਹਾ ਹੈ ਕਿ ਅਜਿਹੀਆਂ ਸਰਗਰਮੀਆਂ ਦੇ ਕੁਝ ਸਬੂਤ ਮੌਜੂਦ ਹਨ। ਉਨ੍ਹਾਂ ਚੋਣ ਸੁਰੱਖਿਆ ਬਾਰੇ ਰੂਸ ਦੇ ਮੁਕਾਬਲੇ ਚੀਨ ਤੋਂਵੱਧ ਖ਼ਤਰਾ ਦੱਸਿਆ ਹੈ।

## ਤੈਰਾਕੀ ਦੀ ਟਰੇਨਿੰਗ ਦੌਰਾਨ ਫ਼ੌਜੀ ਜਵਾਨ ਦੀ ਡੁੱਬਣ ਕਾਰਨ ਮੌਤ

ਮੋਗਾ, 3 ਸਤੰਬਰ (ਪੋਸਟ ਬਿਊਰੋ)- ਮੋਗਾ ਜ਼ਿਲ੍ਹੇ ਦੇ ਹਲਕਾ ਧਰਮਕੋਟ ਦੇ ਪਿੰਡ ਮਹਿਰੋਂ ਦੇ ਫ਼ੌਜੀ ਜਵਾਨ ਪ੍ਰਮਿੰਦਰ ਸਿੰਘ (22) ਦੇ ਸਿਖਲਾਈ ਦੌਰਾਨ ਤਲਾਅ ’ਚ ਡੁੱਬਣ ਕਰ ਕੇ ਮਾਰੇ ਜਾਣ ਦੀ ਖਬਰ ਮਿਲੀ ਹੈ।



ਮਿਲੇ ਵੇਰਵਿਆਂ ਅਨੁਸਾਰ ਝਾਰਖੰਡ ਦੇ ਰਾਮਗੜ੍ਹ ਖੇਤਰ ਵਿੱਚ ਫ਼ੌਜੀ ਸਿਖਲਾਈ ਕੇਂਦਰ ਸਿੱਖ ਰੈਜੀਮੈਂਟਲ (ਐਸ ਆਰ ਸੀ) ਦੇ ਨੌਜਵਾਨਾਂ ਨਾਲ ਤੈਰਾਕੀ ਦੀ ਸਿਖਲਾਈ ਲੈ ਰਿਹਾ ਪ੍ਰਮਿੰਦਰ ਬਾਕਸਿੰਗ ਦਾ ਚੰਗਾ ਖਿਡਾਰੀ ਸੀ। ਪਤਾ ਲੱਗਾ ਹੈ ਕਿ ਪੰਜਾਬ ਦੇ ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਕੁੱਲਾ ਦਾ ਇੱਕ ਹੋਰ ਫ਼ੌਜੀ ਜਵਾਨ ਵੀ ਪ੍ਰਮਿੰਦਰ ਨਾਲ ਮਾਰਿਆ ਗਿਆ ਹੈ। ਪਰਵਾਰਕ ਮੈਂਬਰਾਂ ਦੇ ਦੱਸਣ ਅਨੁਸਾਰ ਮਾਥੁਰ ਤਲਾਬ ਵਿੱਚ ਸਿਖਲਾਈ ਲੈ ਰਹੇ ਇਹ ਫ਼ੌਜੀ ਹਸਪਤਾਲ ਲਿਆਂਦੇ ਗਏ ਤਾਂ ਦੋਵੇਂ ਨੌਜਵਾਨ ਦਮ ਤੋੜ ਗਏ। ਪ੍ਰਮਿੰਦਰ ਚਾਰ ਸਾਲ ਪਹਿਲਾਂ ਫ਼ੌਜ ਵਿੱਚ ਭਰਤੀ ਹੋਇਆ ਸੀ ਅਤੇ ਇਹ ਫ਼ੌਜੀ ਕੈਂਪ ਵਿੱਚ ਤੈਰਾਕੀ ਅਤੇ ਬਾਕਸਿੰਗ ਦੀ ਸਿਖਲਾਈ ਹਾਸਲ ਕਰ ਰਿਹਾ ਸੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4


| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser’s use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

ਪਾਕਿ ਵਿੱਚ ਭ੍ਰਿਸ਼ਟਾਚਾਰ:

## ਕਰਤਾਰਪੁਰ ਸਾਹਿਬ ਦੇ ਆਲੇ-ਦੁਆਲੇ ਘਟੀਆ ਸੜਕਾਂ ਬਣਾਈਆਂ ਗਈਆਂ

* ਹਾਈਕੋਰਟ ਨੇ ਜਾਂਚ ਦੇ ਆਦੇਸ਼ ਜਾਰੀ ਕੀਤੇ



ਲਾਹੌਰ, 3 ਸਤੰਬਰ, (ਪੋਸਟ ਬਿਊਰੋ)- ਪਾਕਿਸਤਾਨ ਨੂੰ ਪਿਛਲੇ ਸਾਲ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਦੀ ਇੰਨੀ ਕਾਹਲੀ ਸੀ ਕਿ ਉਸ ਪਾਸੇ ਘਟੀਆ ਕੁਆਲਟੀ ਦੀਆਂ ਸੜਕਾਂ ਬਣਾ ਦਿੱਤੀਆਂ ਗਈਆਂ, ਜਿਹੜੀਆਂ ਇੱਕ ਸਾਲ ਵੀ ਨਹੀਂ ਚੱਲ ਸਕੀਆਂ ਅਤੇ ਇਨ੍ਹਾਂ ਦੀ ਹਾਲਤ ਖ਼ਸਤਾ ਹੋ ਗਈ ਹੈ। ਇਸ ਦੀ ਜਾਂਚ ਲਾਹੌਰ ਹਾਈ ਕੋਰਟ ਨੇ ਐੱਨ ਏ ਬੀ(ਨੈਸ਼ਨਲ ਅਕਾਊਂਟੇਬਿਲਿਟੀ ਬਿਉਰੋ) ਦੇ ਡਾਇਰੈਕਟਰ ਜਨਰਲ ਨੂੰ ਸੌਂਪੀ ਹੈ।

ਲਾਹੌਰ ਹਾਈ ਕੋਰਟ ਨੇ ਐੱਨ ਏ ਬੀਨੂੰ ਸੜਕ ਦੇ ਡਿਜ਼ਾਈਨ ਤੇ ਮਾਹਰਾਂਦੀ ਜਾਂਚ ਕਰਨ ਦੇ ਆਦੇਸ਼ ਦਿੱਤੇ ਹਨ। ਦੱਸਿਆ ਗਿਆ ਹੈ ਕਿ ਪਾਕਿਸਤਾਨ ਨੇ ਉਸ ਵਕਤ ਕਾਹਲੀ ਵਿੱਚ ਇਹ ਕੰਮ ਉਨ੍ਹਾਂ ਅਫ਼ਸਰਾਂ ਨੂੰ ਸੌਂਪ ਦਿੱਤਾ ਸੀ, ਜਿਹੜੇ ਅਸਲ ਵਿੱਚ ਉਸ ਕੰਮ ਦੇ ਜਾਣੂਨਹੀਂਸਨ। ਇਸ ਪਿੱਛੋਂ ਹਾਈਕੋਰਟ ਵਿੱਚ ਨਰੋਵਾਲ ਜ਼ਿਲ੍ਹੇ ਦੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਆਲੇ-ਦੁਆਲੇ ਦੀਆਂ ਖ਼ਸਤਾ ਸੜਕਾਂ ਦਾ ਮੁੱਦਾ ਗਿਆ ਤਾਂ ਕੋਰਟ ਨੇ ਕਿਹਾ ਕਿ ਇਸ ਦਾ ਸਭ ਹਿਸਾਬ ਲਿਆ ਜਾਏਗਾ, ਇਸ ਦੀ ਪੂਰੀ ਜਾਂਚ ਹੋਏਗੀ ਕਿ ਸੜਕਾਂ ਦਾ ਨਕਸ਼ਾ ਕਿਸ ਨੇ ਬਣਾਇਆ ਤੇ ਕਿਸ ਨੇ ਪਾਸ ਕੀਤਾ ਤੇ ਕਿੱਦਾਂ ਦਾ ਮਟੀਰੀਅਲ ਵਰਤ ਕੇ ਸੜਕਾਂ ਬਣਾਈਆਂ ਸਨ। ਇਹ ਵੀ ਪਤਾ ਕੀਤਾ ਜਾਵੇਗਾ ਕਿ ਕੋਈ ਮਾਹਰ ਇਸ ਕੰਮ ਵਿੱਚ ਸ਼ਾਮਲ ਵੀ ਸੀ ਜਾਂ ਨਹੀਂ। ਹਾਈਕੋਰਟ ਨੂੰ ਕਰਤਾਰਪੁਰ ਸਾਹਿਬਦੀ ਸੜਕ ਉਸਾਰੀ ਵਿੱਚ ਕਿਸੇ ਵੱਡੇ ਘਪਲੇ ਦਾ ਸ਼ੱਕ ਹੈ।

## ਟੀ.ਪੀ.ਏ.ਆਰ. ਕਲੱਬ ਦੇ ਮੈਂਬਰਾਂ ਨੇ ਹਾਫ਼-ਮੈਰਾਥਨ ਦੀ ਕੀਤੀ ਪ੍ਰੈਕਟਿਸ

### '2020 ਵਰਚੂਅਲ ਸਕੋਸ਼ੀਆਬੈਂਕ ਵਾਟਰਫ਼ਰੰਟ ਮੈਰਾਥਨ' ਬਾਰੇ ਕੀਤੀਆਂ ਵਿਚਾਰਾਂ



ਬਰੈਂਪਟਨ, (ਡਾ. ਝੰਡ) -ਕਰੋਨਾ ਦੇ ਚੱਲ ਰਹੇ ਅਜੋਕੇ ਪ੍ਰਕੋਪ ਕਾਰਨ ਜਦੋਂ ਬਹੁਤ ਸਾਰੇ ਲੋਕ ਅਜੇ ਆਪਣੇ ਘਰਾਂ ਤੋਂ ਬਾਹਰ ਨਿਕਲਣ ਤੋਂ ਡਰ ਰਹੇ ਹਨ ਅਤੇ ਜਿਹੜੇ ਥੋੜ੍ਹੀ-ਬਹੁਤ ਸੈਰ ਕਰਦੇ ਵੀ ਹਨ, ਉਹ ਆਪਣੇ ਘਰਾਂ ਦੇ ਨੇੜੇ-ਤੇੜੇ ਹੀ ਰਹਿੰਦੇ ਹਨ ਅਤੇ ਬਹੁਤੀ ਦੂਰ ਨਹੀਂ ਜਾਂਦੇ, ਉਦੋਂ ਟੀ.ਪੀ.ਏ.ਆਰ. ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਤੋਂ ਪ੍ਰਾਪਤ ਸੂਚਨਾ ਅਨੁਸਾਰ ਇਸ ਕਲੱਬ ਦੇ 18 ਮੈਂਬਰਾਂ ਨੇ ਲੰਘੇ ਐਤਵਾਰ 30 ਅਗੱਸਤ ਨੂੰ ਔਰੈਂਜਵਿਲ ਆਈਲੈਂਡ ਲੇਕ ‘ਤੇ ਗਏ ਅਤੇ ਉੱਥੇ ਜਾ ਕੇ ਉਨ੍ਹਾਂ ਨੇ ਇਸ ਦੇ ਕੰਢੇ-ਕੰਢੇ ਜਾ ਕੇ 'ਹਾਫ਼ ਮੈਰਾਥਨ' ਦੌੜ ਦੀ ਪ੍ਰੈਕਟਿਸ ਕੀਤੀ।

ਸਾਰੀ ਦੁਨੀਆਂ ਵਿਚ ਫ਼ੈਲੀ 'ਕੋਵਿਡ-19' ਨਾਂ ਦੀ ਬੀਮਾਰੀ ਦੇ ਕਾਰਨ ਬੇਸ਼ਕ ਇਸ ਸਾਲ 2020 ਦੇ ਅਕਤੂਬਰ ਮਹੀਨੇ ਦੇ ਤੀਸਰੇ ਐਤਵਾਰ ਨੂੰ ਡਾਊਨ ਟਾਊਨ ਟੋਰਾਂਟੋ ਵਿਚ ਹੋਣ ਵਾਲੀ 'ਸਕੋਸ਼ੀਆਬੈਂਕ ਵਾਟਰਫ਼ਰੰਟ ਮੈਰਾਥਨ' ਇਸ ਦੇ ਪ੍ਰਬੰਧਕਾਂ ਵੱਲੋਂ ਕੈਂਸਲ ਕਰ ਦਿੱਤੀ ਗਈ ਗਈ ਹੈ ਪਰ ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਇਸ ਵਿਚ ਭਾਗ ਲੈਣ ਦੇ ਚਾਹਵਾਨ ਦੌੜਾਕਾਂ ਨੂੰ ਆਪੋ-ਆਪਣੇ ਸ਼ਹਿਰਾਂ ਤੇ ਕਸਬਿਆਂ ਵਿਚ ਛੋਟੇ-ਛੋਟੇ ਗਰੁੱਪਾਂ ਵਿਚ ਵਰਚੂਅਲ ਰੂਪ ਵਿਚ ਦੌੜਨ ਦਾ ਸੱਦਾ ਦਿੱਤਾ ਗਿਆ ਹੈ। ਇਸ ਮੰਤਵ ਲਈ ਉਨ੍ਹਾਂ ਵੱਲੋਂ 2020 ਸਕੋਸ਼ੀਆਬੈਂਕ ਵਾਟਰਫ਼ਰੰਟ ਮੈਰਾਥਨ ਮੈਡਲ ਅਤੇ ਟੀ-ਸ਼ਰਟਾਂ ਦੇ ਸਰੂਪ ਵੀ ਜਾਰੀ ਕਰ ਦਿੱਤੇ ਗਏ ਹਨ ਜੋ ਉਨ੍ਹਾਂ ਨੂੰ ਮੈਰਾਥਨ ਦੌੜ ਦੇ ਨਿਚਚਿਤ ਦਿਨ ਤੋਂ ਕੁਝ ਦਿਨ ਪਹਿਲਾਂ ਨਿਸਚਿਤ ਸਮੇਂ 'ਤੇ ਪਹੁੰਚਾ ਦਿੱਤੇ ਜਾਣਗੇ। ਇਸ ਤਰ੍ਹਾਂ ਇਹ ਦੌੜਾਕ ਉਸ ਦਿਨ ਉਹ ਟੀ-ਸ਼ਰਟਾਂ ਪਹਿਨ ਕੇ ਦੌੜ ਲਗਾਉਣਗੇ ਅਤੇ ਦੌੜ ਦੀ ਸਮਾਪਤੀ 'ਤੇ ਸਥਾਨਕ ਪ੍ਰਬੰਧਕਾਂ ਵੱਲੋਂ ਉਨ੍ਹਾਂ ਦੇ ਗਲ਼ਾਂ ਵਿਚ ਮੈਡਲ ਪਾ ਕੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਜਾਏਗਾ। ਇਸ ਦੌੜ ਲਈ ਅਕਤੂਬਰ ਮਹੀਨੇ ਦਾ ਕੋਈ ਵੀ ਦਿਨ ਨਿਸਚਿਤ ਕੀਤਾ ਜਾ ਸਕਦਾ ਹੈ।

ਟੀ.ਪੀ.ਏ.ਆਰ. ਕਲੱਬ ਦੇ ਮੈਂਬਰਾਂ ਨੇ 30 ਅਗੱਸਤ ਨੂੰ ਔਰੈਂਜਵਿੱਲ ਆਈਲੈਂਡ ਲੇਕ ਦੇ ਕੰਢੇ ਕੀਤੀ ਗਈ ਹਾਫ਼-ਮੈਰਾਥਨ ਦੀ ਪ੍ਰੈਕਟਿਸ ਤੋਂ ਬਾਅਦ ਬਰੈਂਪਟਨ ਵਿਚ ਪਾਲ ਬੈਂਸ ਦੇ ਘਰ 75 ਟਵਿੰਨ ਵਿਲੋਅ ਕਰੈਸੈਂਟ ਵਿਖੇ ਹੋਏ ਸ਼ਾਨਦਾਰ ਲੰਚ ਦੌਰਾਨ ਹੋਈ ਮੀਟਿੰਗ ਵਿਚ 11 ਅਕਤੂਬਰ ਦਿਨ ਐਤਵਾਰ ਨੂੰ ਇਹ ਸੁਭ-ਦਿਨ ਚੁਣਿਆਂ ਹੈ। ਇਸ ਦੌਰਾਨ ਸੁਆਦਲੇ ਲੰਚ ਲਈ ਸੰਧੂਰਾ ਸਿੰਘ ਬਰਾੜ ਵੱਲੋਂ ਪਾਲ ਬੈਂਸ ਤੇ ਉਨ੍ਹਾਂ ਦੇ ਪਰਿਵਾਰ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਪੰਜਾਬ ਤੋਂ ਜੁਲਾਈ ਮਹੀਨੇ ਦੌਰਾਨ ਵਾਪਸ ਪਰਤੇ ਕਲੱਬ ਦੇ ਪ੍ਰਧਾਨ ਹਰਭਜਨ ਸਿੰਘ ਗਿੱਲ ਦੀ ਪ੍ਰਧਾਨਗੀ ਵਿਚ ਹੋਈ ਇਸ ਮੀਟਿੰਗ ਵਿਚ ਫ਼ੈਸਲਾ ਕੀਤਾ ਗਿਆ ਕਿ ਟੀ.ਪੀ.ਏ.ਆਰ. ਕਲੱਬ ਅਤੇ 'ਐੱਨਲਾਈਟ ਕਿੱਡਜ਼ ਫ਼ਾਰ ਐਜੂਕੇਸ਼ਨ' ਵੱਲੋਂ ਮਿਲ ਕੇ ਕੈਲਾਡਨ ਸਥਿਤ ਮਨਮੋਹਕ ਕੁਦਰਤੀ ਟਰੇਲ ਉੱਪਰ ਇਹ ਵਰਚੂਅਲ ਸਕੋਸ਼ੀਆਬੈਂਕ ਵਾਟਰਫ਼ਰੰਟ ਹਾਫ਼ ਮੈਰਾਥਨ ਆਯੋਜਿਤ ਕੀਤੀ ਜਾਏਗੀ। ਦੌੜ ਤੋਂ ਬਾਅਦ ਇਸ ਵਿਚ ਸ਼ਾਮਲ ਹੋਣ ਵਾਲੇ ਸਮੂਹ ਦੌੜਾਕਾਂ ਅਤੇ ਵਾਲੰਟੀਅਰਾਂ ਨੂੰ ਯੋਗ ਰਿਫ਼ਰੈੱਸ਼ਮੈਂਟ ਦਿੱਤੀ ਜਾਏਗੀ।

ਇਸ ਦੌਰਾਨ ਟੀ.ਪੀ.ਏ.ਆਰ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਨੇ ਦੱਸਿਆ ਕਿ ਇਸ ਦੇ ਲਈ ਰਜਿਸਟ੍ਰੇਸ਼ਨ 30 ਅਗੱਸਤ ਤੋਂ ਸ਼ੁਰੂ ਕਰ ਦਿੱਤੀ ਗਈ ਹੈ। ਇਸ ਮੰਤਵ ਲਈ ਨਿਰਧਾਰਿਤ ਰਜਿਸਟ੍ਰੇਸ਼ਨ ਫ਼ੀਸ 65 ਡਾਲਰ ਹੈ ਅਤੇ ਜਿਹੜੇ ਮੈਂਬਰ ਇਸ ਦੌੜ ਤੋਂ ਬਾਅਦ ਸ਼ਾਮ ਨੂੰ ਡਿਨਰ ਪਾਰਟੀ ਵਿਚ ਸ਼ਾਮਲ ਹੋਣ ਦੇ ਚਾਹਵਾਨ ਹਨ, ਉਨ੍ਹਾਂ ਲਈ ਇਹ ਫ਼ੀਸ 100 ਡਾਲਰ ਹੈ। ਰਜਿਸਟ੍ਰੇਸ਼ਨ ਦੇ ਲਈ ਟੀ.ਪੀ.ਏ.ਆਰ. ਕਲੱਬ ਦੇ ਸਕੱਤਰ ਡਾ. ਜੈਪਾਲ ਸਿੱਧੂ ਨੂੰ 416-837-1562 ਜਾਂ ਕਲੱਬ ਦੇ ਸੀਨੀਅਰ-ਮੋਸਟ ਮੈਂਬਰ ਇੰਜੀ. ਈਸ਼ਰ ਸਿੰਘ ਨੂੰ 647-640-2914 ਜਾਂ ‘ਐੱਨਲਾਈਟ ਕਿੱਡਜ਼ ਫ਼ਾਰ ਐਜੂਕੇਸ਼ਨ’ ਦੇ ਨਰਿੰਦਰਪਾਲ ਸਿੰਘ ਉਰਫ਼ ਪਾਲ ਬੈਂਸ ਨੂੰ 647-893-3656 'ਤੇ ਸੰਪਰਕ ਕੀਤਾ ਜਾ ਸਕਦਾ ਹੈ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

GREAT OPPOURTUNITY TO INVEST IN NIAGRA FALLS
- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months
Starting from low 400,000
✓ Freehold ✓ 25x100ft lot
✓ Individual Yard & Driveway ✓ Finished Basement
40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date
Jagdish Grewal
Sales Representative
Residential | Commercial | Investment
(416) 970-5005
Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3,
ON L6T 5M4 | Fax : 905-488-2101
Office: 905-488-2100
Ext. 348

BEST CANADIAN TRUCK &
FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

## ਉੱਘੇ ਸਿੱਖਿਆ ਸ਼ਾਸਤਰੀ ਡਾ. ਕਰਮਜੀਤ ਸਿੰਘ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਦੇ ਪਹਿਲੇ ਵਾਈਸ ਚਾਂਸਲਰ ਨਿਯੁਕਤ

### ਡਾ. ਕਰਮਜੀਤ ਨੇ ਅੱਜ ਆਪਣਾ ਅਹੁਦਾ ਸੰਭਾਲਿਆ



ਚੰਡੀਗੜ੍ਹ, 3 ਸਤੰਬਰ (ਗਿਆਨ ਸਿੰਘ) ਪੰਜਾਬ ਸਰਕਾਰ ਨੇ ਡਾ: ਕਰਮਜੀਤ ਸਿੰਘ ਨੂੰ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਦਾ ਪਹਿਲਾ ਵਾਈਸ ਚਾਂਸਲਰ ਨਿਯੁਕਤ ਕੀਤਾ ਹੈ, ਜਿੰਨ੍ਹਾਂ ਨੇ ਅੱਜ ਆਪਣਾ ਅਹੁਦਾ ਸੰਭਾਲ ਲਿਆ ਹੈ। ਉਹ ਅਹੁਦਾ ਸੰਭਾਲਣ ਦੀ ਮਿਤੀ ਤੋਂ ਤਿੰਨ ਸਾਲ ਤੱਕ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਬਣੇ ਰਹਿਣਗੇ। ਇਹ ਜਾਣਕਾਰੀ ਦਿੰਦਿਆਂ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਸ ਸਬੰਧੀ ਨੋਟੀਫੀਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ ਅਤੇ ਵਾਈਸ ਚਾਂਸਲਰ ਦੀ ਨਿਯੁਕਤੀ ਸਬੰਧੀ ਨਿਯਮ ਤੇ ਸ਼ਰਤਾਂ ਵੱਖਰੇ ਤੌਰ 'ਤੇ ਨੋਟੀਫਾਈ ਕੀਤੀਆਂ ਜਾਣਗੀਆਂ।

ਬੁਲਾਰੇ ਨੇ ਦੱਸਿਆ ਕਿ ਅਕਾਦਮਿਕ ਖੇਤਰ ਵਿੱਚ ਐਮ.ਕਾਮ ਅਤੇ ਪੀ.ਐਚਡੀ (ਵਿੱਤ) ਦੀ ਡਿਗਰੀ ਹਾਸਲ ਡਾ. ਕਰਮਜੀਤ ਸਿੰਘ ਇੱਕ ਉੱਘੇ ਸਿੱਖਿਆ ਸ਼ਾਸਤਰੀ , ਯੋਗ ਪ੍ਰਸ਼ਾਸਕ ਹਨ, ਜਿੰਨ੍ਹਾਂ ਕੋਲ ਅਧਿਆਪਨ ਅਤੇ ਖੋਜ ਦਾ 34 ਸਾਲ ਤਜਰਬਾ ਹੈ। ਉਹ 30 ਸਤੰਬਰ, 2018 ਤੋਂ ਹੁਣ ਤੱਕ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਬਤੌਰ ਰਜਿਸਟਰਾਰ ਕੰਮ ਕਰ ਰਹੇ ਸਨ। ਇਸ ਤੋਂ ਇਲਾਵਾ ਯੂਨੀਵਰਸਿਟੀ ਦੇ ਸਿੰਡੀਕੇਟ ਮੈਂਬਰ ਹੁੰਦਿਆਂ ਉਹ ਵੱਖ ਵੱਖ ਪ੍ਰਸ਼ਾਸਨਿਕ ਆਸਾਮੀਆਂ ਤੇ ਕੰਮ ਕਰ ਚੁੱਕੇ ਹਨ ਅਤੇ ਉਹ ਯੂ.ਜੀ.ਸੀ ਮਾਹਰ ਕਮੇਟੀ ਦੇ ਮੈਂਬਰ ਵੀ ਰਹੇ।

ਬੁਲਾਰੇ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਡਾ. ਕਰਮਜੀਤ ਸਿੰਘ ਇੰਡੀਅਨ ਅਕਾਊਂਟਿੰਗ ਐਸੋਸੀਏਸ਼ਨ(2017-18) ਦੇ ਪ੍ਰਧਾਨ ਵੀ ਰਹੇ ਅਤੇ ਇੰਡੀਅਨ ਕਾਮਰਸ ਐਸੋਸੀਏਸ਼ਨ ਵਲੋਂ 14 ਅਕਤੂਬਰ, 2017 ਨੂੰ ਜੈਪੁਰ ਵਿਖੇ ਉਨ੍ਹਾਂ ਨੂੰ ਸਰਵੋਤਮ ਬਿਜ਼ਨਸ ਅਕਾਦਮਿਕ ਐਵਾਰਡ 2017 ਨਾਲ ਨਵਾਜ਼ਿਆ ਗਿਆ। ਉਹ ਹੋਰ ਵੱਖ ਵੱਖ ਪ੍ਰਸ਼ਾਸਨਿਕ ਤੇ ਅਕਾਦਮਿਕ ਵਿਸ਼ੇਸ਼ਤਾਵਾਂ ਦੇ ਮਾਲਕ ਹਨ।

## ਗੁਰੂਘਰ ਦੇ ਨੇੜੇ ਅਸਥੀਆਂ ਦੇ ਜਲ-ਪ੍ਰਵਾਹ ਲਈ ਬਣਾਏ ਜਾ ਰਹੇ ਸਥਾਨ 'ਕੀਰਤਪੁਰ' ਦਾ ਰੱਖਿਆ ਨੀਂਹ-ਪੱਥਰ

### ਡਿਕਸੀ ਗੁਰੂਘਰ ਦੀ ਪ੍ਰਬੰਧਕ ਕਮੇਟੀ ਦਾ ਇਕ ਹੋਰ ਵਧੀਆ ਉਪਰਾਲਾ

ਮਿਸੀਸਾਗਾ, (ਡਾ. ਝੰਡ) -ਕੈਪਟਨ ਇਕਬਾਲ ਸਿੰਘ ਵਿਰਕ ਤੋਂ ਮਿਲੀ ਜਾਣਕਾਰੀ ਅਨੁਸਾਰ ਬੀਤੇ ਐਤਵਾਰ 30 ਅਗੱਸਤ ਨੂੰ ਡਿਕਸੀ ਗੁਰੂਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਮ੍ਰਿਤਕਾਂ ਦੀਆਂ ਅਸਥੀਆਂ (ਫੁੱਲਾਂ) ਨੂੰ ਜਲ-ਪ੍ਰਵਾਹ ਕਰਨ ਲਈ ਇਕ ਨਵਾਂ ਹੰਭਲਾ ਮਾਰਿਆ ਗਿਆ ਜਦੋਂ ਡਿਕਸੀ ਗੁਰੂਘਰ ਦੇ ਨੇੜੇ ਹੀ ਇਸ ਮੰਤਵ ਲਈ ਇਕ ਸ਼ਾਨਦਾਰ ਸਥਾਨ ਬਨਾਉਣ ਲਈ ਪੰਜਾਂ-ਪਿਆਰਿਆਂ ਵੱਲੋਂ ਇਸ ਦਾ ਨੀਂਹ-ਪੱਥਰ ਰੱਖਿਆ ਗਿਆ। ਪ੍ਰਬੰਧਕਾਂ ਵੱਲੋਂ ਇਸ ਨੂੰ 'ਕੀਰਤਪੁਰ' ਦਾ ਨਾਂ ਦਿੱਤਾ ਗਿਆ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਜਿਹੜਾ ਵੀ ਪ੍ਰਾਣੀ 30 ਅਗੱਸਤ 2020 ਜਾਂ ਇਸ ਤੋਂ ਬਾਅਦ ਇਸ ਸੰਸਾਰ ਵਿੱਚੋਂ ਚਲਾ ਜਾਂਦਾ ਹੈ, ਦੀਆਂ ਅਸਥੀਆਂ ਦੇ ਇੱਥੇ ਜਲ-ਪ੍ਰਵਾਹ ਲਈ ਸਰਕਾਰ ਕੋਲੋਂ ਲੋੜੀਂਦਾ ਪਰਮਿਟ ਲੈ ਲਿਆ ਗਿਆ ਹੈ।

ਗੁਰੂਘਰ ਵਿਚ ਸ੍ਰੀ ਗੁਰੂ ਗੰਥ ਸਾਹਿਬ ਜੀ ਦੇ ਸਨਮੁੱਖ ਅਰਦਾਸ ਕਰਨ ਉਪਰੰਤ ਨੰਗੀਆਂ ਕਿਰਪਾਨਾਂ ਨਾਲ ਸੁਸ਼ੋਭਿਤ ਪੰਜ-ਪਿਆਰੇ ਅਤੇ ਸੰਗਤਾਂ ਕੀਰਤਨ ਕਰਦੀਆਂ ਹੋਈਆਂ ਇਸ ਨਿਸਚਿਤ ਕੀਤੇ ਗਏ ਅਸਥਾਨ 'ਤੇ ਪਹੁੰਚੀਆਂ ਜਿੱਥੇ ਟੈਂਟ ਵਗ਼ੈਰਾ ਲੱਗੇ ਹੋਏ ਸਨ ਅਤੇ ਇੱਥੇ ਪ੍ਰੈਸ-ਫ਼ੋਟੋਗ੍ਰਾਫ਼ਰ ਤੇ ਟੈਲੀਵਿਜ਼ਨ ਚੈਨਲਾਂ ਦੇ ਨੁਮਾਇੰਦੇ ਵੀ ਵੱਡੀ ਗਿਣਤੀ ਵਿਚ ਪਹੁੰਚੇ ਹੋਏ ਸਨ। ਪ੍ਰਬੰਧਕਾਂ ਵੱਲੋਂ ਸੰਗਤਾਂ ਲਈ ਚਾਹ-ਪਾਣੀ ਦਾ ਵਧੀਆ ਪ੍ਰਬੰਧ ਕੀਤਾ ਗਿਆ ਸੀ। ਇਸ ਮੌਕੇ ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਇੱਥੇ ਬਹੁਤ ਖ਼ੂਬਸੂਰਤ ਪਾਰਕ ਬਣਾਇਆ ਜਾਏਗਾ ਅਤੇ ਇਸ ਵਿਚ ਸੁੰਦਰ ਲਾਈਟਾਂ ਲਗਾਈਆਂ ਜਾਣਗੀਆਂ। ਲੋਕ ਜਦੋਂ ਆਪਣੇ ਪਿਆਰੇ ਸਬੰਧੀਆਂ ਤੇ ਨਿਕਟਵਰਤੀਆਂ ਦੇ 'ਫੁੱਲ' ਜਲ-ਪ੍ਰਵਾਹ ਕਰਨ ਆਇਆ ਕਰਨਗੇ ਤਾਂ ਉਨ੍ਹਾਂ ਨੂੰ ਗੁਰੂਘਰ ਵਿਚ ਹੋ ਰਿਹਾ ਗੁਰਬਾਣੀ ਦਾ ਮਨੋਹਰ ਕੀਰਤਨ ਇੱਥੇ ਵੀ ਸੁਣਾਈ ਦੇਵੇਗਾ। ਉਨ੍ਹਾਂ ਨੂੰ ਹੁਣ ਹਜ਼ਾਰਾਂ ਡਾਲਰ ਖ਼ਰਚ ਕੇ ਪੰਜਾਬ ਜਾਣ ਦੀ ਜ਼ਰੂਰਤ ਨਹੀਂ ਹੈ। ਉਨ੍ਹਾਂ ਕਿਹਾ ਕਿ ਇੱਥੇ ਇਨ੍ਹਾਂ 'ਫੁੱਲਾਂ' (ਅਸਥੀਆਂ) ਦਾ ਬਾਕਾਇਦਾ ਰਿਕਾਰਡ ਰੱਖਿਆ ਜਾਵੇਗਾ।

ਪਾਵਨ ਸ੍ਰੀ ਗੁਰੂ ਗ੍ਰੰਥ ਵਿਚ ਦਰਜ ਇਸ ਸ਼ਬਦ ਵਿਚ ਭਗਤ ਕਬੀਰ ਜੀ ਦਾ ਫ਼ੁਰਮਾਨ ਹੈ:

ਜੇ ਮਿਰਤਕ ਕਉ ਚੰਦਨ ਚੜਾਵੈ।।
ਉਸ ਤੇ ਕਹਹੁ ਕਵਲ ਫਲ ਪਾਵੈ।।
ਜੇ ਮਿਰਤਕ ਕਉ ਵਿਸਟਾ ਮਾਹਿ ਰੁਲਾਈ।।
ਤਾ ਮਿਰਤਕ ਕਾ ਕਿਆ ਘਟ ਜਾਈ।।
(ਅੰਗ 1160)

ਭਗਤ ਜੀ ਦੇ ਕਹਿਣ ਦਾ ਭਾਵ ਕਿ ਜਿੱਥੇ ਮਰਜ਼ੀ ਫੁੱਲ ਜਾਂ ਅਸਥੀਆਂ ਪਾ ਲਓ ਜਾਂ ਮਿੱਟੀ ਵਿਚ ਦਫ਼ਨਾ ਦਿਓ, ਕੋਈ ਫ਼ਰਕ ਨਹੀਂ ਪੈਂਦਾ। ਗੱਲ ਤਾਂ ਵਿੱਚੋਂ ਇਕ ਹੀ ਹੈ।



ਇਸ ਮੌਕੇ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਦੇ ਕਈ ਪ੍ਰਬੰਧਕ ਤੇ ਮੈਂਬਰ ਹਾਜ਼ਰ ਸਨ। ਜੋ ਕਿਸੇ ਕਾਰਨ ਨਹੀਂ ਪਹੁੰਚ ਸਕੇ, ਉਨ੍ਹਾਂ ਦੇ ਸੰਦੇਸ਼ ਡਿਕਸੀ ਗੁਰੂਘਰ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਬੱਲ ਵੱਲੋਂ ਪੜ੍ਹ ਕੇ ਸੁਣਾਏ ਗਏ। ਇਸ ਦੌਰਾਨ ਉਨ੍ਹਾਂ ਦੱਸਿਆ ਕਿ ਇਸ ਅਸਥਾਨ ਦਾ ਨਾਂ ਪੰਜਾਬ ਵਿਚ ਅਸਥੀਆਂ ਜਲ-ਪ੍ਰਵਾਹ ਕੀਤੇ ਜਾਣ ਵਾਲੇ ਪਾਵਨ ਅਸਥਾਨ 'ਕੀਰਤਪੁਰ ਸਾਹਿਬ' ਦੇ ਨਾਂ 'ਤੇ ਹੀ ਰੱਖਿਆ ਗਿਆ ਹੈ ਤਾਂ ਜੋ ਅਸਥੀਆਂ ਜਲ-ਪ੍ਰਵਾਹ ਕਰਨ ਸਮੇਂ ਸੰਗਤਾਂ ਨੂੰ ਉਸ ਮਹਾਨ ਧਾਰਮਿਕ ਅਸਥਾਨ ਦੀ ਯਾਦ ਆਏ। ਗੁਰੂਘਰ ਦੀ ਪ੍ਰਬੰਧਕ ਕਮੇਟੀ ਦੇ ਸਕੱਤਰ ਰਣਜੀਤ ਸਿੰਘ ਦੁਲੇ ਨੇ ਇਸ ਮੌਕੇ ਬੋਲਦਿਆਂ ਸੰਗਤਾਂ ਨੂੰ ਇਸ ਮੰਤਵ ਲਈ ਤਨ, ਮਨ ਤੇ ਧੰਨ ਨਾਲ ਸੇਵਾ ਕਰਨ ਦੀ ਬੇਨਤੀ ਕੀਤੀ ਅਤੇ ਸੰਗਤਾਂ ਵੱਲੋਂ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਇਸ ਦਾ ਸੁਆਗ਼ਤ ਕੀਤਾ ਗਿਆ। ਉਨ੍ਹਾਂ ਇਹ ਵੀ ਦੱਸਿਆ ਕਿ 6 ਸਤੰਬਰ ਨੂੰ ਮਨੁੱਖੀ ਅਧਿਕਾਰਾਂ ਦੇ ਮਹਾਨ ਅਲੰਬਰਦਾਰ ਜਸਵੰਤ ਸਿੰਘ ਖਾਲੜਾ ਨਾਲ ਸਬੰਧਿਤ ਦਿਵਸ ਪੂਰੀ ਧੂਮ-ਧਾਮ ਨਾਲ ਮਨਾਇਆ ਜਾਏਗਾ। ਉਸ ਦਿਨ ਵੱਖ-ਵੱਖ ਬੁਲਾਰਿਆਂ ਵੱਲੋਂ ਜਿੱਥੇ ਖਾਲੜਾ ਸਾਹਿਬ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਜਾਣਗੇ, ਉੱਥੇ ਉਨ੍ਹਾਂ ਵੱਲੋਂ ਕੀਤੇ ਮਹਾਨ ਕਾਰਜ ਬਾਰੇ ਜਾਣਕਾਰੀ ਸੰਗਤਾਂ ਨਾਲ ਸਾਂਝੀ ਕੀਤੀ ਜਾਏਗੀ।

ਇਸ ਮੌਕੇ 'ਬਰੈਂਪਟਨ ਫਿਊਨਰਲ ਹੋਮ ਐਂਡ ਵਿਜ਼ੀਟੇਸ਼ਨ ਸੈਂਟਰ' ਦੇ ਮੁੱਖ-ਪ੍ਰਬੰਧਕ ਇੰਦਰਜੀਤ ਸਿੰਘ ਬੱਲ, 'ਲੋਟੱਸ ਫ਼ਿਊਨਰਲਐਂਡ ਕਰੀਮੇਸ਼ਨ ਸੈਂਟਰ' ਦੇ ਇਕ ਪ੍ਰਬੰਧਕ, ਬਰੈਂਪਟਨ ਸਾਊਥ ਦੇ ਐੱਮ.ਪੀ.ਪੀ. ਪ੍ਰਭਮੀਤ ਸਿੰਘ ਸਰਕਾਰੀਆ, ਮਿਲਟਨ ਦੇ ਐੱਮ.ਪੀ.ਪੀ. ਪਰਮ ਗਿੱਲ, ਸਕੂਲ-ਟਰੱਸਟੀ ਬਲਬੀਰ ਸੋਹੀ ਅਤੇ ਕਈ ਹੋਰ ਚੁਣੇ ਹੋਏ ਨੁਮਾਇੰਦਿਆਂ ਨੇ ਆਪਣੇ ਵਿਚਾਰ ਸੰਖੇਪ ਰੂਪ ਵਿਚ ਪੇਸ਼ ਕਰਦਿਆਂ ਕਿਹਾ ਕਿ ਡਿਕਸੀ ਗੁਰੂਘਰ ਦੇ ਇਸ ਉਪਰਾਲੇ ਨਾਲ ਪੰਜਾਬੀ ਕਮਿਊਨਿਟੀ ਨੂੰ ਕਾਫ਼ੀ ਸਹੂਲਤ ਮਿਲੇਗੀ। ਕੈਪਟਨ ਇਕਬਾਲ ਸਿੰਘ ਵਿਰਕ ਨੇ ਡਿਕਸੀ ਗੁਰੂਘਰ ਦੀ ਪ੍ਰਬੰਧਕ ਕਮੇਟੀ ਨੂੰ ਪੰਜਾਬੀ ਸੀਨੀਅਰਾਂ ਦੇ ਲਈ ਇਕ ਸੀਨੀਅਰਜ਼ ਹੋਮ ਬਨਾਉਣ ਦਾ ਮਸ਼ਵਰਾ ਦਿੱਤਾ। ਉਨ੍ਹਾਂ ਦਾ ਕਹਿਣਾ ਸੀ ਕਿ ਇਸ ਸਮੇਂ ਚੱਲ ਰਹੇ ਸੀਨੀਅਰਜ਼ ਹੋਮਜ਼ ਵਿਚ ਪੰਜਾਬੀ ਖਾਣੇ ਦੀ ਵਿਵਸਥਾ ਨਾ ਹੋਣ ਕਰਕੇ ਪੰਜਾਬੀਆਂ ਨੂੰ ਉੱਥੇ ਖਾਣੇ ਦੀ ਮੁਸ਼ਕਲ ਪੇਸ਼ ਆਉਂਦੀ ਹੈ ਅਤੇ ਉਹ ਉੱਥੇ ਜਾਣਾ ਪਸੰਦ ਨਹੀਂ ਕਰਦੇ। ਇਸ ਸੁਝਾਅ ਉੱਪਰ ਆਪਣੇ ਵਿਚਾਰ ਦੱਸਦਿਆਂ ਗੁਰਪ੍ਰੀਤ ਸਿੰਘ ਬੱਲ ਨੇ ਦੱਸਿਆ ਕਿ ਇਸ ਦੇ ਲਈ ਲੋੜੀਂਦੀ ਯੋਗ ਜਗ੍ਹਾ ਹੈ ਅਤੇ ਸਰਕਾਰ ਕੋਲੋਂ ਲੋੜੀਂਦੀ ਮਨਜ਼ੂਰੀ ਲੈ ਕੇ ਇਹ ਕਾਰਜ ਵੀ ਜਲਦੀ ਹੀ ਆਰੰਭ ਕੀਤਾ ਜਾਏਗਾ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਪ੍ਰਬੰਧਕ ਕਮੇਟੀ ਵੱਲੋਂ ਇਸ ਗੁਰੂਘਰ ਦੇ ਲੰਗਰ-ਹਾਲ ਨੂੰ ਖੁੱਲ੍ਹਾ ਕੀਤਾ ਗਿਆ ਹੈ ਅਤੇ ਇਸ ਵਿਚ ਆਧੁਨਿਕ ਰਸੋਈ-ਘਰ ਦਾ ਨਿਰਮਾਣ ਕੀਤਾ ਗਿਆ ਹੈ। ਇਸ ਦੇ ਨਾਲ ਹੀ ਇੱਥੇ ਉਨ੍ਹਾਂ ਬਜ਼ੁਰਗਾਂ ਜਿਨ੍ਹਾਂ ਦੇ ਗੋਡੇ ਇਸ ਉਮਰੇ ਸਹੀ ਤਰ੍ਹਾਂ ਕੰਮ ਨਹੀਂ ਕਰਦੇ ਅਤੇ ਉਨ੍ਹਾਂ ਨੂੰ ਬੈਠ ਕੇ ਲੰਗਰ ਛਕਣ ਵਿਚ ਮੁਸ਼ਕਲ ਪੇਸ਼ ਆਉਂਦੀ ਹੈ, ਦੇ ਲਈ ਲੰਗਰ-ਹਾਲ ਦੇ ਇਕ ਪਾਸੇ ਕੁਝ ਕੁਰਸੀਆਂ-ਮੇਜਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਗੁਰੂਘਰ ਵਿਚ ਉਨ੍ਹਾਂ ਦੇ ਕੀਰਤਨ ਸੁਣਨ ਲਈ ਬੈਂਚ ਵੀ ਲਗਾਏ ਗਏ ਹਨ ਅਤੇ ਇਸ ਤੋਂ ਉੱਪਰ ਵਾਲੀ ਮੰਜ਼ਲ 'ਤੇ ਜਾਣ ਲਈ ਲਿਫ਼ਟ ਦੀ ਵਿਵਸਥਾ ਵੀ ਕੀਤੀ ਗਈ ਹੈ ਜਿਸ ਦੇ ਲਈ ਮਿਸੀਸਾਗਾ ਸਿਟੀ ਕਾਊਂਸਲ ਵੱਲੋਂ ਲੋੜੀਂਦੀ ਆਗਿਆ ਮਿਲਣ ਤੋਂ ਬਾਅਦ ਇਹ ਜਲਦੀ ਹੀ ਕੰਮ ਕਰਨਾ ਸ਼ੁਰੂ ਕਰ ਦੇਵੇਗੀ।

ਫਾਰਮ ਵਿਚ ਕਾਮਿਆਂ ਦੀ ਲੋੜ


ਮਾਲਟਨ ਅਤੇ ਗੋਰ ਰੋਡ ਦੇ ਏਰੀਏ ਤੋਂ ਫਾਰਮ ਵਿਚ ਕੰਮ ਕਰਨ ਲਈ ਬੰਦਿਆਂ ਅਤੇ ਜਨਾਨੀਆਂ ਦੀ ਲੋੜ ਹੈ। ਫਰੀ ਰਾਈਡ ਦਿੱਤੀ ਜਾਵੇਗੀ ਅਤੇ ਵਧੀਆ ਪੇਅ ਹੈ।
ਹਫਤੇ ਦੇ ਛੇ ਦਿਨ ਕੰਮ

ਸੰਪਰਕ: 647 765 4145

## ਮਾਰਸਡੀਜ਼ ਵੇਚਣ ਦੇ ਨਾਮ ਉਤੇ 52 ਲੱਖ ਰੁਪਏ ਦੀ ਠੱਗੀ


ਚੰਡੀਗੜ੍ਹ, 3 ਸਤੰਬਰ (ਪੋਸਟ ਬਿਊਰੋ)- ਮਾਰਸਡੀਜ਼ ਗੱਡੀ ਵੇਚਣ ਦੇ ਬਹਾਨੇ ਵਿਸ਼ਾਖਾਪਟਨਮ ਦੇ ਨਵਯ ਰਾਧਾ ਕ੍ਰਿਸ਼ਨ, ਚਿੰਤਾ ਸ਼ੰਕਰ ਅਤੇ ਹੋਰ ਲੋਕਾਂ ਨੇ 52 ਲੱਖ ਰੁਪਏ ਦੀ ਠੱਗੀ ਕਰ ਲਈ ਹੈ।

ਸੈਕਟਰ-10 ਦੇ ਵਾਸੀ ਹਿਮਤ ਜਾਖੜ ਨੂੰ ਮਾਰਸਡੀਜ਼ ਗੱਡੀ ਲੈਣ ਦੇ ਬਾਅਦ ਪਤਾ ਲੱਗਾ ਕਿ ਦੋਸ਼ੀਆਂ ਨੇ 40 ਲੱਖ ਰੁਪਏ ਦਾ ਕਰਜ਼ਾ ਇਸ ਗੱਡੀ ਉੱਤੇ ਲਿਆ ਹੋਇਆ ਸੀ। ਜਾਖੜ ਨੇ ਇਸ ਦੀ ਸ਼ਿਕਾਇਤ ਪੁਲਸ ਨੂੰ ਦਿੱਤੀ। ਸੈਕਟਰ-3 ਥਾਣਾ ਪੁਲਸ ਨੇ ਧੋਖਾਧੜੀ ਦਾ ਕੇਸ ਦਰਜ ਕਰ ਲਿਆ ਤੇ ਦੋਸ਼ੀਆਂ ਨੂੰ ਫੜਨ ਲਈ ਪੁਲਸ ਟੀਮ ਵਿਸ਼ਾਖਾਪਟਨਮ ਗਈ ਹੈ। ਹਿੰਮਤ ਜਾਖੜ ਨੇ ਪੁਲਸ ਨੂੰ ਦੱਸਿਆ ਕਿ 2019 ਵਿੱਚ ਉਸ ਦੇ ਰਿਸ਼ਤੇਦਾਰ ਮਨਪ੍ਰੀਤ ਸਿੰਘ ਨੇ ਗੱਡੀ ਖ਼ਰੀਦਣੀ ਸੀ। ਇਸ ਦੌਰਾਨ ਰਿਸ਼ਤੇਦਾਰ ਦੇ ਮੋਬਾਈਲ ਦੇ ਵਾਟਸਐਪ 'ਤੇ ਮਾਰਸਡੀਜ਼ ਗੱਡੀ ਦੀ ਫੋਟੋ ਆਈ ਤਾਂ ਉਨ੍ਹਾਂ ਨੂੰ ਪਸੰਦ ਆ ਗਈ। ਗੱਡੀ ਦੀ ਫੋਟੋ ਦੇਖ ਕੇ ਵਿਸ਼ਾਖਾਪਟਨਮ ਦੇ ਨਵਯ ਰਾਧਾ ਕ੍ਰਿਸ਼ਨ ਨਾਲ ਸੰਪਰਕ ਕੀਤਾ ਤਾਂ ਉਸ ਨੇ ਗੱਡੀ ਦੇ 52 ਲੱਖ ਰੁਪਏ ਦੀ ਮੰਗ ਕੀਤੀ। ਉਨ੍ਹਾਂ ਦੱਸਿਆ ਕਿ ਗੱਡੀ 'ਤੇ ਕੋਈ ਕਰਜ਼ਾ ਨਹੀਂ ਹੈ। ਫਿਰ ਹਿੰਮਤ ਜਾਖੜ ਨੇ 52 ਲੱਖ ਰੁਪਏ ਦੋਸ਼ੀਆਂ ਨੂੰ ਭੇਜ ਦਿੱਤੇ। ਉਨ੍ਹਾਂ ਨੇ ਗੱਡੀ ਦੇ ਕਾਗਜ਼ ਵੀ ਚੈਕ ਕਰ ਲਏ। ਜਦੋਂ ਗੱਡੀ ਦੀ ਡਿਲੀਵਰੀ ਲਈ ਤਾਂ ਪਤਾ ਲੱਗਾ ਕਿ ਮਾਲਕ ਨੇ ਗੱਡੀ ਉਤੇ 40 ਲੱਖ ਰੁਪਏ ਕਰਜ਼ਾ ਲੈ ਰੱਖਿਆ ਹੈ। ਜਾਖੜ ਨੇ ਇਸ ਬਾਰੇ ਦੋਸ਼ੀਆਂ ਨਾਲ ਸੰਪਰਕ ਕੀਤਾ ਅਤੇ ਗੱਡੀ ਵਾਪਸ ਕਰ ਦਿੱਤੀ। ਇਸ ਦੇ ਬਾਅਦ ਦੋਸ਼ੀਆਂ ਨੇ ਜਾਖੜ ਨੂੰ 20 ਲੱਖ ਰੁਪਏ ਵਾਪਸ ਕਰ ਦਿੱਤੇ ਅਤੇ 32 ਲੱਖ ਦਾ ਚੈਕ ਦੇ ਦਿੱਤਾ, ਪਰ 32 ਲੱਖ ਰੁਪਏ ਦਾ ਚੈਕ ਕੈਸ਼ ਨਹੀਂ ਹੋਇਆ।






# ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਓੜਕ ਦੇ ਭ੍ਰਿਸ਼ਟਾਚਾਰ ਦੀ ਭੜਾਸ ਦੇ ਭਬਾਕੇ ਨਿਕਲਣੇ ਸ਼ੁਰੂ



ਜਤਿੰਦਰ ਪੰਨੂ

ਉਹ ਵੀ ਸਮਾਂ ਸੀ, ਜਦੋਂ ਸਿੱਖਾਂ ਨੇ ਕੁਰਬਾਨੀਆਂ ਦਿੱਤੀਆਂ, ਅੰਗਰੇਜ਼ਾਂ ਦੇ ਮਹੰਤਾਂ ਨਾਲ ਸਿੱਧੀ ਟੱਕਰ ਵਿੱਚ ਜਾਨਾਂ ਵਾਰੀਆਂ ਅਤੇ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਚੁਣੇ ਹੋਏ ਪ੍ਰਤੀਨਿਧਾਂ ਰਾਹੀਂ ਚਲਾਉਣ ਦਾ ਹੱਕ ਜਿੱਤਿਆ ਸੀ। ਸੰਘਰਸ਼ ਦੀ ਅਗਵਾਈ ਓਦੋਂ ਕਥਾ-ਕੀਰਤਨ ਕਰਨ ਵਾਲੇ ਰਿਵਾਇਤੀ ਸਿੱਖ ਸੰਤਾਂ ਨੇ ਨਹੀਂ ਸੀ ਕੀਤੀ, ਉਹ ਤਾਂ ਮਰਿਆਦਾ ਉੱਪਰ ਪਹਿਰਾ ਦੇਣਾ ਵੀ ਭੁੱਲ ਕੇ ਅੰਗਰੇਜ਼ਾਂ ਦੀ ਖੁਸ਼ੀ ਖਾਤਰ ਅਵੱਗਿਆ ਹੁੰਦੀ ਵੇਖ ਕੇ ਅੱਖਾਂ ਮੀਟ ਲੈਂਦੇ ਰਹੇ ਸਨ। ਕੁਰਬਾਨੀਆਂ ਕਰਨ ਵਾਲੇ ਹੋਰ ਸਨ ਅਤੇ ਸਮਾਂ ਪਾ ਕੇ ਕੁਰਬਾਨੀਆਂ ਦਾ ਲਾਹਾ ਲੈਣ ਵਾਲੇ ਲੋਕ ਅੱਗੇ ਆ ਗਏ ਹਨ। ਮੁੱਢਲੇ ਦਿਨਾਂ ਵਿੱਚ ਗੁਰੂ ਘਰਾਂ ਲਈ ਗਦਰ ਪਾਰਟੀ ਵਾਲੇ ਬਾਬਿਆਂ ਨੂੰ ਸਿੱਖ ਸੰਗਤ ਆਪ ਅੱਗੇ ਲਾਉਂਦੀ ਸੀ। ਜਦੋਂ ਉਹ ਆਜ਼ਾਦੀ ਲੈਣ ਲਈ ਜੇਲ੍ਹਾਂ ਵਿੱਚ ਚਲੇ ਗਏ ਤਾਂ ਹੌਲੀ-ਹੌਲੀ ਪ੍ਰਬੰਧ ਉਨ੍ਹਾਂ ਦੇ ਹੱਥੀਂ ਆਉਣ ਲੱਗ ਪਿਆ ਸੀ, ਜਿਨ੍ਹਾਂ ਦਾ ਗੋਲਕਾਂ ਵੱਲ ਮੂੰਹ ਅਤੇ ਗੁਰੂ ਵੱਲ ਪਿੱਠ ਹੁੰਦੀ ਸੀ। ਉਨ੍ਹਾਂ ਨੇ ਕੀਤੀ-ਕੱਤਰੀ ਨੂੰ ਸਿਆ-ਸਤ ਦੀ ਭੇਟ ਚਾੜ੍ਹ ਛੱਡਿਆ। ਗੋਲਕਾਂ ਦਾ ਚੜ੍ਹਾਵਾ ਰਾਜਸੀ ਚੋਣਾਂ ਲਈ ਵਰਤਣ ਵਾਲਿਆਂ ਨੇ ਚਿਤਾਵਨੀਆਂ ਦੀ ਵੀ ਪ੍ਰਵਾਹ ਨਹੀਂ ਸੀ ਕੀਤੀ ਤੇ ਇਸ ਦਾ ਨਤੀਜਾ ਜਿਹੜਾ ਨਿਕਲਣਾ ਸੀ, ਉਹ ਆਖਰ ਨੂੰ ਲੋਕਾਂ ਸਾਹਮਣੇ ਆ ਗਿਆ ਹੈ। ਸ਼੍ਰੋਮਣੀ ਕਮੇਟੀ ਭ੍ਰਿਸ਼ਟਾਚਾਰ ਦਾ ਅੱਡਾ ਸਾਬਤ ਹੋਈ ਪਈ ਹੈ।

ਬਹੁਤ ਸਾਰੇ ਲੋਕਾਂ ਦਾ ਖਿਆਲ ਸੀ ਕਿ ਜਿਸ ਤਰ੍ਹਾਂ ਸ਼੍ਰੋਮਣੀ ਗੁਰਦੁ-ਆਰਾ ਪ੍ਰਬੰਧਕ ਕਮੇਟੀ ਵਿੱਚ ਹੱਦਾਂ ਤੋਂ ਬਾਹਰਾ ਭ੍ਰਿਸ਼ਟਾਚਾਰ ਫੈਲਦਾ ਜਾਂਦਾ ਹੈ, ਉਹ ਇੱਕ ਦਿਨ ਖੁਦ ਹੀ ਭੜਾਸ ਦੇ ਭਬਾਕੇ ਨਾਲ ਬਾਹਰ ਆ ਜਾਵੇਗਾ। ਘਟਨਾਵਾਂ ਦੀ ਤੋਰ ਨੇ ਇਹੋ ਗੱਲ ਸਾਬਤ ਕੀਤੀ ਹੈ। ਸ਼ੁਰੂਆਤ ਤਾਂ ਪੰਜ ਸਿੰਘ ਸਾਹਿਬਾਨ, ਜਿਹੜੇ ਕੋਈ ਪੱਧਰ ਕਾਇਮ ਰੱਖੇ ਬਿਨਾ ਸੱਦੇ ਅਤੇ ਬਿਠਾਏ ਜਾਂਦੇ ਹਨ, ਦੀ ਮੀਟਿੰਗ ਨਾਲ ਹੋਈ। ਇਸ ਵਿੱਚ ਸਿੱਖ ਕਥਾ ਵਾਚਕ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਦਾ ਮੁੱਦਾ ਬਹੁਤ ਵੱਡਾ ਬਣਾ ਕੇ ਪੇਸ਼ ਕੀਤਾ, ਹਾਲਾਂਕਿ ਉਸ ਦੇ ਖਿਲਾਫ ਰੌਲਾ ਕੁਝ ਲੋਕ ਨਿੱਜੀ ਕਿੜਾਂ ਕਾਰਨ ਹੀ ਪਾਉਂਦੇ ਸਨ, ਅਸਲ ਵਿੱਚ ਮੁੱਦਾ ਹੀ ਨਹੀਂ ਸੀ। ਫਿਰ ਇਸ ਮੀਟਿੰਗ ਵਿੱਚ ਹੋਰ ਮੁੱਦੇ ਛੱਡ ਕੇ ਪਹਿਲਾ ਮੁੱਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਾਇਬ ਹੋਏ ਜਾਂ ਗਾਇਬ ਕੀਤੇ ਗਏ ਸਰੂਪਾਂ ਦਾ ਛੋਹ ਲਿਆ ਤਾਂ ਉਸੇ ਨੇ ਲੀਰਾਂ ਦਾ ਖਿੱਦੋ ਖਿਲਾਰ ਦਿੱਤਾ। ਪਹਿਲੀ ਵਾਰ ਇਹ ਗੱਲ ਓਥੇ ਮੰਨਣੀ ਪਈ ਕਿ ਗੁਰੂ ਘਰ ਦੀ ਪ੍ਰਿੰਟਿੰਗ ਪ੍ਰੈੱਸ ਵਿੱਚ ਮੰਗ ਜੋਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਛਾਪਣ ਦੇ ਵਕਤ ਬਹੁਤ ਸਾਰੇ ਪੇਜ ਵਾਧੂ ਛਾਪ ਕੇ ਬਾਹਰੋ-ਬਾਹਰ ਉਨ੍ਹਾਂ ਦੀਆਂ ਜਿਲਦਾਂ ਬੰਨ੍ਹ ਕੇ ਕਮਾਈ ਹੋ ਰਹੀ ਸੀ। ਸਾਰਾ ਜਿੰਮਾ ਇਸ ਕੰਮ ਨਾਲ ਜੁੜੇ ਹੋਏ ਦੋ-ਚਾਰ ਬੰਦਿਆਂ ਸਿਰ ਸੁੱਟ ਕੇ ਲੀਡਰਸ਼ਿਪ, ਅਤੇ ਖਾਸ ਤੌਰ ਉੱਤੇ ਪਬਲੀਕੇਸ਼ਨ ਦਾ ਸਭ ਤੋਂ ਵੱਧ ਸਮਾਂ ਇੰਚਾਰਜ ਰਹੇ ਸਾਬਕਾ ਚੀਫ ਸੈਕਟਰੀ ਨੂੰ ਸਿਰਫ ਅਸਤੀਫਾ ਪ੍ਰਵਾਨ ਕਰ ਕੇ ਛੱਡ ਦਿੱਤਾ ਹੈ। ਜਿਹੜੇ ਲੋਕਾਂ ਦੇ ਸਿਰ ਬੋਝ ਪਾਇਆ ਗਿਆ ਹੈ, ਉਹ ਮੂੰਹ ਪਾੜ-ਪਾੜ ਦੱਸੀ ਜਾਂਦੇ ਹਨ ਕਿ ਇਨ੍ਹਾਂ ਬੀੜਾਂ ਦੀ ਕਮਾਈ ਵਿੱਚੋਂ ਫਲਾਣੇ ਆਗੂ ਅਤੇ ਫਲਾਣੇ ਅਧਿਕਾਰੀ ਨੂੰ ਹਿੱਸਾ ਮਿਲਦਾ ਸੀ। ਇਸ ਤਰ੍ਹਾਂ ਜੇ ਸ਼੍ਰੋਮਣੀ ਕਮੇਟੀ ਇਹ ਸੋਚਦੀ ਹੋਵੇ ਕਿ ਚਾਰ ਬੰਦੇ ਅੱਗੇ ਕਰ ਕੇ ਬਾਕੀਆਂ ਨੂੰ ਬਚਾ ਲਿਆ ਜਾਵੇਗਾ ਤਾਂ ਇਹ ਕੋਸ਼ਿਸ਼ ਕਈ ਵੱਡਿਆਂ ਦੇ ਅਹੁਦਿਆਂ ਤੱਕ ਵੀ ਪਹੁੰਚ ਸਕਦੀ ਹੈ।

*ਜਿਹੜੀ ਗੱਲ ਅਜੇ ਲੋਕਾਂ ਤੱਕ ਨਹੀਂ ਪਹੁੰਚੀ, ਉਹ ਇਹ ਹੈ ਕਿ ਕੁਰਬਾਨੀਆਂ ਨਾਲ ਗੁਰਦੁਆਰਿਆਂ ਨੂੰ ਮਹੰਤਾਂ ਤੋਂ ਛੁਡਾਉਣ ਪਿੱਛੋਂ ਬਣਾਈ ਗਈ ਇਸ ਸ਼੍ਰੋਮਣੀ ਕਮੇਟੀ ਵਿੱਚ ਭ੍ਰਿਸ਼ਟਾਚਾਰ ਹਰ ਪੱਧਰ ਉੱਤੇ ਹੁੰਦਾ ਹੈ। ਪਿਛਲੇ ਦਿਨੀਂ ਜਦੋਂ ਪੰਜਾਬ ਵਿੱਚ ਕੋਰੋਨਾ ਵਾਇਰਸ ਦੇ ਕਾਰਨ ਕਰਫਿਊ ਲੱਗਾ ਪਿਆ ਸੀ, ਸੰਗਤ ਗੁਰਦੁਆਰਿਆਂ ਵਿੱਚ ਜਾ ਨਹੀਂ ਸੀ ਸਕਦੀ, ਓਦੋਂ ਖਾਲਸੇ ਦੇ ਜਨਮ ਅਸਥਾਨ ਤਖਤ ਕੇਸਗੜ੍ਹ ਸਾਹਿਬ ਦੇ ਲੰਗਰ ਵਿੱਚ ਲੱਖਾਂ ਰੁਪਏ ਦੀ ਤਾਜ਼ਾ ਸਬਜ਼ੀ ਖਰੀਦੀ ਅਤੇ ਸੰਗਤ ਦੇ ਓਥੇ ਆਉਣ ਤੋਂ ਬਿਨਾਂ ਹੀ ਸੰਗਤ ਨੂੰ ਵਰਤਾਈ ਜਾਂਦੀ ਦਿਖਾਈ ਗਈ ਸੀ। ਰੌਲਾ ਪੈਣ ਮਗਰੋਂ ਛੋਟੇ ਬੰਦੇ ਦਾਅ ਉੱਤੇ ਲਾ ਕੇ ਵੱਡੀਆਂ ਪ੍ਰਬੰਧਕੀ ਤੋਪਾਂ ਅਤੇ ਧਾਰਮਿਕ ਪਦਵੀਆਂ ਦੇ ਮਾਲਕਾਂ ਨੂੰ ਬਚਾ ਲਿਆ ਸੀ। ਇਸ ਤੋਂ ਪਹਿਲਾਂ ਕੋਰੋਨਾ ਦੇ ਦੌਰ ਵਿੱਚ ਹੀ ਇਹ ਰੌਲਾ ਵੀ ਪਿਆ ਸੀ ਕਿ ਦਰਬਾਰ ਸਾਹਿਬ ਦੇ ਲੰਗਰ ਲਈ ਅਸਲੀ ਲੱਕੜਾਂ ਦੀ ਥਾਂ ਫਰ੍ਹੇ ਵਾਲੀਆਂ ਫੱਟੀਆਂ ਖਰੀਦਣ ਨਾਲ ਘਪਲਾ ਕੀਤਾ ਗਿਆ ਹੈ*



ਸ਼੍ਰੋਮਣੀ ਕਮੇਟੀ ਨੇ ਇਸ ਵਾਰੀ ਫੈਸਲਾ ਲੈਣ ਸਮੇਂ ਜਿਹੜੀ ਇੱਕੋ ਵੱਡੀ ਗੱਲ ਕੀਤੀ, ਉਹ ਇਹ ਸੀ ਕਿ ਕਮੇਟੀ ਦੇ ਸਾਰੇ ਵਹੀ-ਖਾਤਿਆਂ ਦਾ ਆਡਿਟ ਕਰਨ ਵਾਲੀ ਕੋਹਲੀ ਕੰਪਨੀ ਨੂੰ ਅੱਗੋਂ ਲਈ ਲਾਂਭੇ ਕਰ ਦਿੱਤਾ ਹੈ। ਕਰੋੜਾਂ ਦੀ ਕਮਾਈ ਇਸ ਕੰਪਨੀ ਨੂੰ ਸ਼੍ਰੋਮਣੀ ਕਮੇਟੀ ਦੇ ਖਾਤੇ ਵਿੱਚੋਂ ਹੁੰਦੀ ਰਹੀ ਹੈ ਤੇ ਓਦੋਂ ਇਸ ਦੇ ਖਿਲਾਫ ਰੌਲਾ ਪੈਂਦਾ ਵੀ ਗੌਲਿਆ ਨਹੀਂ ਸੀ ਜਾਂਦਾ, ਕਿਉਂਕਿ ਇਸ ਕੰਪਨੀ ਦੇ ਮਾਲਕ ਅਕਾਲੀ ਰਾਜਨੀਤੀ ਦੇ ਵੱਡੇ ਘਰ ਨਾਲ ਜੁੜੇ ਹੋਏ ਸਨ। ਨੇੜਿਉਂ ਜਾਨਣ ਦਾ ਦਾਅਵਾ ਕਰਨ ਵਾਲੇ ਲੋਕ ਇਹ ਕਹਿ ਰਹੇ ਹਨ ਕਿ ਇਸ ਕੰਪਨੀ ਨਾਲੋਂ ਵੱਧ ਲਿਹਾਜੂ ਲੱਭੀ ਕੰਪਨੀ ਨੂੰ ਇਹੋ ਕੰਮ ਸੌਂਪਣ ਲਈ ਸਾਰਾ ਡਰਾਮਾ ਕੀਤਾ ਗਿਆ ਹੈ। ਇਸ ਦੀ ਅਸਲੀਅਤ ਵੀ ਅਗਲੇ ਦਿਨਾਂ ਵਿੱਚ ਸਾਹਮਣੇ ਆ ਜਾਵੇਗੀ।

ਜਿਹੜੀ ਗੱਲ ਅਜੇ ਲੋਕਾਂ ਤੱਕ ਨਹੀਂ ਪਹੁੰਚੀ, ਉਹ ਇਹ ਹੈ ਕਿ ਕੁਰਬਾਨੀਆਂ ਨਾਲ ਗੁਰਦੁਆਰਿਆਂ ਨੂੰ ਮਹੰਤਾਂ ਤੋਂ ਛੁਡਾਉਣ ਪਿੱਛੋਂ ਬਣਾਈ ਗਈ ਇਸ ਸ਼੍ਰੋਮਣੀ ਕਮੇਟੀ ਵਿੱਚ ਭ੍ਰਿਸ਼ਟਾਚਾਰ ਹਰ ਪੱਧਰ ਉੱਤੇ ਹੁੰਦਾ ਹੈ। ਪਿਛਲੇ ਦਿਨੀਂ ਜਦੋਂ ਪੰਜਾਬ ਵਿੱਚ ਕੋਰੋਨਾ ਵਾਇਰਸ ਦੇ ਕਾਰਨ ਕਰਫਿਊ ਲੱਗਾ ਪਿਆ ਸੀ, ਸੰਗਤ ਗੁਰਦੁਆਰਿਆਂ ਵਿੱਚ ਜਾ ਨਹੀਂ ਸੀ ਸਕਦੀ, ਓਦੋਂ ਖਾਲਸੇ ਦੇ ਜਨਮ ਅਸਥਾਨ ਤਖਤ ਕੇਸਗੜ੍ਹ ਸਾਹਿਬ ਦੇ ਲੰਗਰ ਵਿੱਚ ਲੱਖਾਂ ਰੁਪਏ ਦੀ ਤਾਜ਼ਾ ਸਬਜ਼ੀ ਖਰੀਦੀ ਅਤੇ ਸੰਗਤ ਦੇ ਓਥੇ ਆਉਣ ਤੋਂ ਬਿਨਾਂ ਹੀ ਸੰਗਤ ਨੂੰ ਵਰਤਾਈ ਜਾਂਦੀ ਦਿਖਾਈ ਗਈ ਸੀ। ਰੌਲਾ ਪੈਣ ਮਗਰੋਂ ਛੋਟੇ ਬੰਦੇ ਦਾਅ ਉੱਤੇ ਲਾ ਕੇ ਵੱਡੀਆਂ ਪ੍ਰਬੰਧਕੀ ਤੋਪਾਂ ਅਤੇ ਧਾਰਮਿਕ ਪਦਵੀਆਂ ਦੇ ਮਾਲਕਾਂ ਨੂੰ ਬਚਾ ਲਿਆ ਸੀ। ਇਸ ਤੋਂ ਪਹਿਲਾਂ ਕੋਰੋਨਾ ਦੇ ਦੌਰ ਵਿੱਚ ਹੀ ਇਹ ਰੌਲਾ ਵੀ ਪਿਆ ਸੀ ਕਿ ਦਰਬਾਰ ਸਾਹਿਬ ਦੇ ਲੰਗਰ ਲਈ ਅਸਲੀ ਲੱਕੜਾਂ ਦੀ ਥਾਂ ਫਰ੍ਹੇ ਵਾਲੀਆਂ ਫੱਟੀਆਂ ਖਰੀਦਣ ਨਾਲ ਘਪਲਾ ਕੀਤਾ ਗਿਆ ਹੈ। ਓਦੋਂ ਪਹਿਲਾਂ ਲੰਗਰ ਵਿੱਚ ਆਉਂਦੇ ਘਿਓ ਅਤੇ ਬਹੁਤ ਸਾਰੀਆਂ ਹੋਰ ਵਸਤਾਂ ਦੀ ਖਰੀਦ ਦਾ ਵੀ ਘਪਲਾ ਨਿਕਲਿਆ ਸੀ। ਇੱਕ ਵਾਰੀ ਸ੍ਰੀ ਹਰਮੰਦਰ ਸਾਹਿਬ ਆਉਂਦੇ ਲੋਕਾਂ ਵੱਲੋਂ ਸ਼ਰਧਾ ਨਾਲ ਚੜ੍ਹਾਏ ਪ੍ਰਸ਼ਾਦਿ ਦੀਆਂ ਜਾਅਲੀ ਪਰਚੀਆਂ ਦਾ ਰੌਲਾ ਪਿਆ ਤਾਂ ਪਤਾ ਲੱਗਾ ਕਿ ਅਸਲ ਪਰਚੀਆਂ ਘੱਟ ਤੇ ਜਾਅਲੀ ਬਹੁਤ ਵੱਧ ਛਾਪ ਕੇ ਬਾਹਰ ਦੇ ਬਾਹਰ ਪੈਸੇ ਕਈ ਥਾਂਈਂ ਵੰਡੇ ਜਾਂਦੇ ਹਨ। ਇਹ ਮਾਮਲਾ ਵੀ ਉੱਛਲਿਆ ਸੀ ਕਿ ਸ੍ਰੀ ਹਰਮੰਦਰ ਸਾਹਿਬ ਅੰਦਰ ਚੜ੍ਹਦੇ ਚੰਦੋਏ ਬਾਅਦ ਵਿੱਚ ਉਨ੍ਹਾਂ ਹੀ ਦੁਕਾਨਾਂ ਨੂੰ ਪੁਚਾਏ ਜਾਂਦੇ ਹਨ ਅਤੇ ਥੋੜ੍ਹੀ ਜਿਹੀ ਡਰਾਈ ਕਲੀਨਿੰਗ ਦੇ ਬਾਅਦ ਦੋ-ਦੋ ਲੱਖ ਰੁਪਏ ਵਿੱਚ ਉਹੋ ਚੰਦੋਏ ਸ਼ਰਧਾਲੂਆਂ ਨੂੰ ਫਿਰ ਵੇਚ ਕੇ ਏਥੇ ਦਰਬਾਰ ਸਾਹਿਬ ਚੜ੍ਹਾਏ ਜਾਂਦੇ ਹਨ ਤੇ ਇੱਕ-ਇੱਕ ਚੰਦੋਆ ਕਈ ਵਾਰੀ ਵਿਕਦਾ ਹੈ। ਚੰਦੋਏ ਵੇਚਣ ਦਾ ਧੰਦਾ ਕਰਦੇ ਲੋਕਾਂ ਨਾਲ ਹਿੱਸਾ-ਪੱਤੀ ਅਗੇਤੀ ਰੱਖੀ ਜਾਂਦੀ ਤੇ ਸੰਗਤਾਂ ਨੂੰ ਸਿਰਫ ਉਨ੍ਹਾਂ ਦੁਕਾਨਾਂ ਤੋਂ ਹੀ ਚੰਦੋਏ ਖਰੀਦਣ ਲਈ ਮਜਬੂਰ ਕੀਤਾ ਜਾਂਦਾ ਹੈ। ਹੋਰ ਤਾਂ ਹੋਰ, ਇੱਕ ਵਾਰੀ ਇਹ ਮੁੱਦਾ ਉੱਠ ਪਿਆ ਸੀ ਕਿ ਸ੍ਰੀ ਹਰਮੰਦਰ ਸਾਹਿਬ ਦੇ ਅੰਦਰ ਬੁੱਕ ਕਰਵਾਏ ਜਾਂਦੇ ਆਖੰਡ ਪਾਠਾਂ ਦੀ ਜਾਅਲੀ ਬੁੱਕਿੰਗ ਕੀਤੀ ਜਾਂਦੀ ਹੈ ਤੇ ਜੇ ਪੰਜ ਕਮੇਟੀ ਵੱਲੋਂ ਬੁੱਕ ਕੀਤੇ ਜਾਂਦੇ ਹਨ ਤਾਂ ਓਸੇ ਦਿਨ ਵਿੱਚ ਪੰਜ-ਸੱਤ ਉਸ ਦੇ ਬਰਾਬਰ ਜਾਅਲੀ ਪਾਠ ਬੁੱਕ ਕੀਤੇ ਅਤੇ ਪੈਸੇ ਆਪਣੀ ਜੇਬ ਵਿੱਚ ਪਾਏ ਜਾਂਦੇ ਹਨ। ਇਸ ਦਾ ਪਤਾ ਲੱਗਣ ਮਗਰੋਂ ਕਾਰਵਾਈ ਇਸ ਕਰ ਕੇ ਨਹੀਂ ਸੀ ਕੀਤੀ ਗਈ ਕਿ ਇਸ ਤਰ੍ਹਾਂ ਕਰਨ ਵਾਲਾ ਬੰਦਾ ਇੱਕ ਸਿੰਘ ਸਾਹਿਬ ਦੇ ਪਰਵਾਰ ਵਿੱਚੋਂ ਸੀ ਅਤੇ ਸਿੰਘ ਸਾਹਿਬ ਦੀ ਅਕਾਲੀ ਲੀਡਰਸ਼ਿਪ ਨੂੰ ਕੁਝ ਖਾਸ ਮੁੱਦਿਆਂ ਉੱਤੇ ਹੁਕਮਨਾਮੇ ਜਾਰੀ ਕਰਨ ਲਈ ਲੋੜ ਸੀ।

ਅਸੀਂ ਇਸ ਅਦਾਰੇ ਅੰਦਰ ਹੁੰਦੇ ਭ੍ਰਿਸ਼ਟਾਚਾਰ ਦੇ ਏਨੇ ਕਿੱਸੇ ਸੁਣੇ ਹੋਏ ਤੇ ਅਖਬਾਰਾਂ ਵਿੱਚ ਛਪੀਆਂ ਖਬਰਾਂ ਦੀਆਂ ਏਨੀਆਂ ਕਤਰਨਾਂ ਸਾਡੇ ਕੋਲ ਪਈਆਂ ਹਨ ਕਿ ਇੱਕ ਵੱਡੀ ਫਾਈਲ ਬਣ ਸਕਦੀ ਹੈ। ਉਹ ਸਾਰੇ ਇਸ ਵੇਲੇ ਛਾਪਣ ਦੀ ਥਾਂ ਅਸੀਂ ਪਾਠਕਾਂ ਨੂੰ ਸਿਰਫ ਇਹ ਦੱਸਣਾ ਚਾਹੁੰਦੇ ਹਾਂ ਕਿ ਦੀਵੇ ਹੇਠ ਹਨੇਰਾ ਬਹੁਤ ਸੰਘਣਾ ਦਿੱਸਦਾ ਪਿਆ ਹੈ। ਜਿਹੜੇ ਗੁਰੂ ਘਰ ਵਿੱਚ ਲੋਕ ਸ਼ਰਧਾ ਨਾਲ ਮੱਥਾ ਟੇਕਣ ਜਾਂਦੇ ਹਨ, ਓਥੇ ਇਸ ਵੇਲੇ ਇਸ ਹੱਦ ਤੱਕ ਅਨ੍ਹੇਰ-ਖਾਤਾ ਪਿਆ ਹੋਇਆ ਹੈ ਕਿ ਉਸ ਦੀ ਸੜ੍ਹਿਆਂਦ ਆਪਣੀ ਭੜਾਸ ਦੇ ਨਾਲ ਹੀ ਭਬੂਕਾ ਬਣ ਕੇ ਬਾਹਰ ਨਿਕਲਣ ਲੱਗ ਪਈ ਹੈ। ਜਿਨ੍ਹਾਂ ਘਟਨਾਵਾਂ ਦੀ ਇਸ ਵਕਤ ਸਾਰੇ ਪਾਸੇ ਚਰਚਾ ਹੋ ਰਹੀ ਹੈ, ਉਹ ਇਸ ਭੜਾਸ ਦੀ ਇੱਕ ਕਿਸ਼ਤ ਹੀ ਹਨ, ਇੱਕੋ-ਇੱਕ ਨਹੀਂ ਹਨ।

# ਸਾਹਿਤ ਦੇ ਪੱਜ ਸਰਕਾਰੀ ਪੈਸੇ ਦੀ ਦੁਰਵਰਤੋਂ

-ਮਿੱਤਰ ਸੈਨ ਮੀਤ

ਪੰਜਾਬੀ ਸਾਹਿਤ, ਭਾਸ਼ਾ ਅਤੇ ਸਭਿਆਚਾਰ ਦੇ ਵਿਕਾਸ ਲਈ ਨਿਯੁਕਤ ਸਰਕਾਰੀ ਅਧਿਕਾਰੀ ਤੇ ਨੁਮਾਇੰਦੇ ਕਿਸ ਤਰ੍ਹਾਂ ਸਰਕਾਰੀ ਫੰਡਾਂ ਨੂੰ ਸੈਰ-ਸਪਾਟੇ ਅਤੇ ਐਸ਼ੋ-ਇਸ਼ਰਤ ਲਈ ਵਰਤਦੇ ਹਨ, ਇਸ ਦਾ ਅੰਦਾਜ਼ਾ ਕੇਂਦਰ ਸਰਕਾਰ ਦੇ ਅਦਾਰੇ ਸਾਹਿਤ ਅਕਾਦਮੀ ਦੇ ਪੰਜਾਬੀ ਸਲਾਹਕਾਰ ਬੋਰਡ ਦੀਆਂ ਸਰਗਰਮੀਆਂ ਦੇ ਖਰਚ ਤੋਂ ਲੱਗ ਸਕਦਾ ਹੈ। ਅਜਿਹੇ ਸਵਾਰਥੀ ਪ੍ਰਬੰਧਕਾਂ ਕਾਰਨ ਪੰਜਾਬੀ ਸਾਹਿਤ ਤੇ ਭਾਸ਼ਾ ਦਾ ਵਿਕਾਸ ਨਹੀਂ ਹੁੰਦਾ।

ਸਾਹਿਤ ਅਕਾਦਮੀ ਦਿੱਲੀ ਦੀ ਸਥਾਪਨਾ ਵੱਖ-ਵੱਖ ਭਾਰਤੀ ਭਾਸ਼ਾਵਾਂ ਅਤੇ ਸਾਹਿਤ ਦੇ ਵਿਕਾਸ ਲਈ ਕੀਤੀ ਗਈ ਸੀ। ਇਸ ਲਈ ਹਰ ਭਾਸ਼ਾ ਦੇ ਸਲਾਹਕਾਰ ਬੋਰਡ ਦਾ ਗਠਨ ਕੀਤਾ ਜਾਂਦਾ ਹੈ। ਬੋਰਡ ਦੇ ਮੈਂਬਰ ਸਬੰਧਤ ਭਾਸ਼ਾ ਦੇ ਉਚ ਕੋਟੀ ਦੇ ਸਾਹਿਤਕਾਰ, ਚਿੰਤਕ, ਵਿਦਵਾਨ ਜਾਂ ਆਲੋਚਕ ਹੋਣ, ਉਨ੍ਹਾਂ ਦੀ ਆਪਣੀ ਭਾਸ਼ਾ ਦੇ ਵਿਕਾਸ ਲਈ ਵਚਨਬੱਧਤਾ ਜੱਗ ਜ਼ਾਹਰ ਹੋਵੇ। ਮੈਂਬਰਾਂ ਦੇ ਯੋਗਦਾਨ ਨੂੰ ਧਿਆਨ ਵਿਚ ਰੱਖ ਕੇ ਅਕਾਦਮੀ ਵੱਲੋਂ ਉਨ੍ਹਾਂ ਦੀ ਰਿਹਾਇਸ਼ ਤੇ ਸਫਰ ਆਦਿ ਲਈ ਮਿਆਰੀ ਪ੍ਰਬੰਧ ਕੀਤੇ ਜਾਂਦੇ ਹਨ। ਅਕਾਦਮੀ ਵੱਲੋਂ ਦਿੱਤੀ ਸੂਚਨਾ ਅਨੁਸਾਰ 2008 ਤੋਂ 2012 ਦੇ ਅਰਸੇ ਦੌਰਾਨ ਬੋਰਡ 'ਚ ਕਨਵੀਨਰ ਤੋਂ ਇਲਾਵਾ ਨੌਂ ਮੈਂਬਰ ਸਨ। ਇਨ੍ਹਾਂ ਵਿੱਚੋਂ ਇਕ ਵੀ ਮੈਂਬਰ ਸਾਹਿਤ ਆਕਾਦਮੀ, ਗਿਆਨਪੀਠ, ਸਰਸਵਤੀ ਆਦਿ ਪੁਰਸਕ-ਾਰ ਨਾਲ ਸਨਮਾਨਤ ਨਹੀਂ ਸੀ। ਕੁਝ ਮੈਂਬਰਾਂ ਦੇ ਨਾਂਅ ਪੰਜਾਬ 'ਚ ਵਸਦੇ ਲੇਖਕਾਂ ਨੇ ਵੀ ਨਹੀਂ ਸੁਣੇ। ਬਹੁਤੇ ਮੈਂਬਰ ਦਿੱਲੀ, ਪੰਜਾਬ, ਹਰਿਆਣਾ ਅਤੇ ਜੰਮੂ ਕਸ਼ਮੀਰ ਨਾਲ ਸਬੰਧਤ ਸਨ।

ਬੀਤੇ ਵਰ੍ਹਿਆਂ ਤੋਂ ਦੇਖਿਆ ਜਾ ਰਿਹਾ ਹੈ ਕਿ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਬਣੇ ਸਲਾਹਕਾਰ ਬੋਰਡ ਦੇ ਮੈਂਬਰ, ਭਾਸ਼ਾ ਦੇ ਵਿਕਾਸ ਦੀ ਥਾਂ ਸਰਕਾਰ ਵੱਲੋਂ ਮਿਲਏ ਲੱਖਾਂ ਰੁਪਏ ਸੈਰ ਸਪਾਟੇ ਅਤੇ ਨਿੱਜੀ ਸਵਾਰਥਾਂ ਦੀ ਪੂਰਤੀ ਲਈ ਖਰਚ ਕਰ ਰਹੇ ਹਨ। ਇਸ ਬਾਰੇ ਸਾਹਿਤ ਅਕਾਦਮੀ ਕੋਲੋਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਬੋਰਡਾਂ ਦੇ ਕੰਮ ਬਾਰੇ ਜਾਣਕਾਰੀ ਮੰਗੀ ਗਈ। ਅਰਜ਼ੀ ਵਿਚ ਸਲਾਹਕਾਰ ਬੋਰਡ ਤੇ ਕੰਮਾਂ ਬਾਰੇ ਸੂਚਨਾ ਮੰਗੀ ਗਈ ਸੀ ਜਿਸ ਵਿੱਚ ਬੋਰਡ ਦੀਆਂ ਮੀਟਿੰਗਾਂ, ਸਥਾਨਾਂ, ਮੀਟਿੰਗਾਂ 'ਚ ਲਏ ਫੈਸਲੇ, ਬੋਰਡ ਦੇ ਕਨਵੀਨਰ, ਮੈਂਬਰਾਂ ਤੇ ਸੱਦੇ ਗਏ ਵਿਅਕਤੀਆਂ ਨੂੰ ਦਿੱਤੇ ਗਏ ਟੀ ਏ, ਡੀ ਏ ਦਾ ਵੇਰਵਾ, ਵਿਸ਼ੇਸ਼ ਤੌਰ 'ਤੇ ਸੱਦੇ ਵਿਅਕਤੀਆਂ ਨੂੰ ਦਿੱਤੇ ਗਏ ਡੀ ਏ ਜਾਂ ਆਨਰੇਰੀਅਮ ਦਾ ਵੇਰਵਾ ਮੰਗਿਆ ਗਿਆ ਸੀ। ਅਕਾਦਮੀ ਨੇ ਵਿਸ਼ੇਸ਼ ਵਿਅਕਤੀਆਂ ਬਾਰੇ ਸੂਚਨਾ ਨਹੀਂ ਦਿੱਤੀ। ਹੋਟਲਾਂ 'ਚ ਉਨ੍ਹਾਂ ਦੇ ਠਹਿਰਨ ਬਾਰੇ ਵੀ ਅੰਸ਼ਿਕ ਸੂਚਨਾ ਦਿੱਤੀ ਹੈ। ਇਸ ਤੋਂ ਇਲਾਵਾ ਹੋਟਲਾਂ ਨੂੰ ਅਦਾ ਕੀਤੀ ਰਕਮ, ਮੀਟਿੰਗਾਂ 'ਤੇ ਹੋਏ ਕੁੱਲ ਖਰਚੇ ਦੇ ਵੇਰਵੇ ਤੋਂ ਬਿਨਾ ਅਕਾਦਮੀ ਦੇ ਉਨ੍ਹਾਂ ਅਧਿਕਾਰੀਆਂ ਦੇ ਨਾਵਾਂ ਦਾ ਵੇਰਵਾ ਵੀ ਮੰਗਿਆ ਸੀ, ਜਿਨਾਂ ਨੇ ਬੋਰਡ ਦੀ ਮੀਟਿੰਗ ਦਿੱਲੀ ਤੋਂ ਬਾਹਰ ਕਰਨ ਦੀ ਸਿਫਾਰਸ਼ ਕੀਤੀ ਅਤੇ ਮਨਜ਼ੂਰੀ ਦਿੱਤੀ ਸੀ। ਅਕਾਦਮੀ ਨੇ ਪਹਿਲਾਂ ਸੂਚਨਾ ਦੇਣ ਤੋਂ ਟਾਲ-ਮਟੋਲ ਕੀਤੀ। ਫਿਰ ਨਿਸ਼ਚਿਤ ਸਮੇਂ 'ਤੇ ਚੀਫ ਕਮਿਸ਼ਨਰ, ਕੇਂਦਰੀ ਸੂਚਨਾ ਕਮਿਸ਼ਨ ਕੋਲ ਅਪੀਲ ਕੀਤੀ ਤਾਂ ਮਜਬੂਰਨ ਅਕਾਦਮੀ ਵੱਲੋਂ ਕੁਝ ਸੂਚਨਾ ਦਿੱਤੀ ਅਤੇ ਕੁਝ ਲੁਕਾਅ ਲਈ ਹੈ। ਦਿੱਤੀ ਗਈ ਜਾਣਕਾਰੀ ਤੋਂ ਪਤਾ ਲੱਗਾ ਹੈ ਕਿ ਬੋਰਡ ਮੀਟਿੰਗਾਂ ਛੁੱਟੀਆਂ ਵਾਲੇ ਮਹੀਨਿਆਂ (ਮਈ ਤੋਂ ਅਕਤੂਬਰ) 'ਚ ਕੀਤੀਆਂ ਗਈਆਂ। ਇਨ੍ਹਾਂ ਮੀਟਿੰਗਾਂ ਲਈ ਦੇਸ਼ ਦੀਆਂ ਮਸ਼ਹੂਰ ਸੈਰਗਾਹਾਂ ਵਾਲੇ ਸਥਾਨਾਂ ਦੀ ਚੋਣ ਕੀਤੀ ਗਈ। ਇਹ ਮੀਟਿੰਗਾਂ ਕੁਝ ਘੰਟੇ ਤੋਂ ਵੱਧ ਨਹੀਂ ਚੱਲੀਆਂ। ਹੈਰਾਨੀ ਦੀ ਗੱਲ ਹੈ ਕਿ ਕੁਝ ਘੰਟਿਆਂ ਦੀ ਮੀਟਿੰਗ ਲਈ ਹਜ਼ਾਰਾਂ ਕਿਲੋਮੀਟਰ ਦਾ ਸਫਰ ਕੀਤਾ ਗਿਆ। ਸਲਾਹਕਾਰ ਬੋਰਡ ਦੇ ਤਤਕਾਲੀ ਕਨਵੀਨਰ ਡਾ. ਦੀਪਕ ਮਨਮੋਹਨ ਸਿੰਘ ਦੀ ਕਨਵੀਨਰਸ਼ਿਪ ਵਿਚ 2008 ਤੋਂ 2011 ਦੌਰਾਨ ਸ੍ਰੀਨਗਰ, ਪਾਂਡੀਚੇਰੀ, ਨਵੀ ਦਿੱਲੀ, ਮੈਸੂਰ ਤੇ ਸ਼ਿਮਲਾ ਦੇ ਨਾਮੀ ਹੋਟਲਾਂ 'ਚ ਮੀਟਿੰਗਾਂ ਕੀਤੀਆਂ ਗਈਆਂ। ਮੀਟਿੰਗਾਂ 'ਚ ਬੋਰਡ ਦੇ ਸੱਤ ਤੋਂ 10 ਮੈਂਬਰ ਅਤੇ ਦੋ ਮੈਂਬਰ ਅਕਾਦਮੀ ਦੇ ਸ਼ਾਮਲ ਰਹੇ। ਪੰਜ ਸ਼ਹਿਰਾਂ ਵਿਚ ਪੰਜ ਦਿਨ ਚੱਲੀਆਂ ਇਨ੍ਹਾਂ ਮੀਟਿੰਗਾਂ 'ਤੇ ਟੀ ਏ ਡੀ ਏ ਸਮੇਤ ਕੁੱਲ 5,36, 569 ਰੁਪਏ ਖਰਚਾ ਕੀਤਾ ਗਿਆ। ਅਕਾਦਮੀ ਵੱਲੋਂ ਸੂਚਨਾ ਵਿਚ ਕਿਤੇ ਵੱਧ ਤੇ ਕਿਤੇ ਘੱਟ ਖਰਚਾ ਵਿਖਾਇਆ ਗਿਆ, ਜੋ ਕਈ ਸਵਾਲੀਆ ਨਿਸ਼ਾਨ ਖੜ੍ਹੇ ਕਰਦਾ ਹੈ। ਅਕਾਦਮੀ ਵੱਲੋਂ ਦਿੱਤੀ ਸੂਚਨਾ ਅਨੁਸਾਰ ਮੀਟਿੰਗ ਦੇ ਆਮ ਏਜੰਡੇ 'ਚ ਸਵਾਗਤ, ਪਿਛਲੀ ਮੀਟਿੰਗ ਦੀ ਕਾਰਵਾਈ ਦੀ ਤਸਦੀਕ, ਹੋਏ ਕੰਮ ਦੀ ਜਾਂਚ, ਜਾਰੀ ਰਹਿਣ ਵਾਲੀਆਂ ਅਸਾਈਨਮੈਂਟਾਂ, ਵਿਚਾਰ ਅਧੀਨ ਅਸਾਈਨਮੈਂਟਾਂ, ਪੰਜਾਬੀ ਅਨੁਵਾਦ ਲਈ ਇਨਾਮ ਦੇਣ ਲਈ ਮਾਹਿਰਾਂ ਦੀ ਨਿਯੁਕਤੀ, ਕੀਤੇ ਜਾਣ ਵਾਲੇ ਸੈਮੀਨਾਰ, ਅਨੁਵਾਦ ਵਰਕਸ਼ਾਪਾਂ, ਨਵੀਆਂ ਅਸਾਨੀਮੈਂਟਾਂ ਆਦਿ ਕੰਮ ਸ਼ਾਮਲ ਸਨ। ਸਲਾਹਕਾਰ ਬੋਰਡ ਦੀਆਂ ਮੀਟਿੰਗਾਂ ਵਿਚ ਸੰਨ 2008 ਤੋਂ 2012 ਤੱਕ ਜੋ ਫੈਸਲੇ ਲਏ ਗਏ, ਉਨ੍ਹਾਂ 'ਚ ਪਿਛਲੇ ਅਤੇ ਚੱਲ ਰਹੇ ਕੰਮ ਦੀ ਪੜਤਾਲ ਕੀਤੀ ਗਈ। ਸੰਨ 2008 ਦੀ ਮੀਟਿੰਗ ਵਿੱਚ ਸਾਹਿਤ ਅਕਾਦਮੀ ਅਨੁਵਾਦ ਇਨਾਮ ਲਈ ਮਾਹਿਰਾਂ ਤੇ ਜਿਊਰੀ ਮੈਂਬਰਾਂ ਦੀ ਸੂਚੀ ਬਣਾਉਣ ਦੀ ਸਿਫਾਰਸ਼ ਤੋਂ ਇਲਾਵਾ ਵਾਰਿਸ ਸ਼ਾਹ, ਸੰਤ ਸਿੰਘ ਸੇਖੋਂ ਤੇ ਦਵਿੰਦਰ ਸਤਿਆਰਥੀ ਬਾਰੇ ਸੈਮੀਨਾਰ, ਪੰਜਾਬੀ ਤੋਂ ਅੰਗਰੇਜ਼ੀ ਵਿਚ ਆਧੁਨਿਕ ਪੰਜਾਬੀ ਕਹਾਣੀ ਦੇ ਅਨੁਵਾਦ ਲਈ ਸ਼ਿਮਲਾ ਵਿੱਚ ਹੋਣ ਵਾਲੀ ਅਨੁਵਾਦ ਵਰਕਸ਼ਾਪ ਦਾ ਫੈਸਲਾ ਲਿਆ ਗਿਆ ਹੈ ਤੇ ਪ੍ਰੋ. ਤਰਲੋਚਨ ਸਿੰਘ ਬੇਦੀ ਵੱਲੋਂ ਇਕ ਤਾਮਿਲ ਪੁਸਤਕ ਦਾ ਪੰਜਾਬੀ ਵਿਚ ਅਨੁ-ਵਾਦ ਕੀਤੇ ਜਾਣ ਦੀ ਬੇਨਤੀ ਰੱਦ ਕੀਤੀ ਗਈ।

ਇਸੇ ਤਰ੍ਹਾਂ 2009 ਦੀ ਮੀਟਿੰਗ 'ਚ ਸਾਹਿਤ ਅਕਾਦਮੀ ਅਨੁਵਾਦ ਪੁਰਸਕਾਰ ਲਈ ਮਾਹਿਰਾਂ ਤੇ ਜਿਊਰੀ ਮੈਂਬਰਾਂ ਦੀ ਸੂਚੀ ਬਣਾਉਣ ਦੀ ਸਿਫਾਰਸ਼, ਵਰਲਡ ਪੰਜਾਬੀ ਸੈਂਟਰ ਪਟਿਆਲਾ ਦੇ ਸਹਿਯੋਗ ਨਾਲ ਦੋ ਰੋਜ਼ਾ 'ਪਰੋਬਲਮੈਟਿਕਸ ਆਫ ਟਰਾਂਸਨੈਸ਼ਨਲ ਪੰਜਾਬੀ ਕਲਚਰ ਐਂਡ ਲਿਟਰੇਚਰ' ਦਾ ਸੈਮੀਨਾਰ, ਤਾਮਿਲ ਕਵਿਤਾ ਨੂੰ ਪੰਜਾਬੀ ਵਿੱਚ ਅਨੁਵਾਦ ਬਾਰੇ ਅੰਮ੍ਰਿਤਸਰ ਵਿੱਚ ਵਰਕਸ਼ਾਪ ਕਰਨ ਦਾ ਸੁਝਾਅ, ਕੌਂਕਣੀ ਕਵਿਤਾ ਦੇ ਪੰਜਾਬੀ 'ਚ ਅਨੁਵਾਦ ਸਬੰਧੀ ਗੋਆ ਵਿਖੇ ਵਰਕਸ਼ਾਪ ਕਰਨ ਦਾ ਸੁਝਾਅ, ਚਾਰ ਪੰਜਾਬੀ ਪੁਸਤਕਾਂ ਦਾ ਹੋਰ ਭਾਸ਼ਾਵਾਂ ਵਿੱਚ ਅਨੁਵਾਦ, ਕਰਤਾਰ ਸਿੰਘ ਦੁੱਗਲ ਅਤੇ ਗੁਰਦਿਆਲ ਸਿੰਘ ਬਾਰੇ ਅੰਗਰੇਜ਼ੀ 'ਚ ਕਿਤਾਬਚੇ ਤਿਆਰ ਕਰਨ ਤੋਂ ਇਲਾਵਾ ਪੰਦਰਾਂ ਨਵੀਆਂ ਅਸਾਈਨਮੈਂਟਾਂ ਸ਼ਾਮਲ ਸਨ, ਜਿਨਾਂ 'ਚ ਅੱਠ ਭਾਸ਼ਾਵਾਂ ਦੀਆਂ ਪੁਸਤਕਾਂ ਦਾ ਪੰਜਾਬੀ ਵਿੱਚ ਅਨੁ-ਵਾਦ ਕਰਨਾ ਸ਼ਾਮਲ ਸੀ। ਸੰਨ 2010 ਦੀ ਮੀਟਿੰਗ ਵਿਚ ਸਾਹਿਤ ਅਕਾਦਮੀ ਅਨੁਵਾਦ ਪੁਰਸਕਾਰ ਲਈ ਮਾਹਿਰਾਂ ਤੇ ਜਿਊਰੀ ਮੈਂਬਰਾਂ ਦੀ ਸੂਚੀ ਬਣਾਉਣ ਦੀ ਸਿਫਾਰਸ਼ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਸ਼ਤਾਬਦੀ ਮੌਕੇ 'ਵਾਚਨਾ ਸਾਹਿਤ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਤੁਲਨਾਤਮਕ ਅਧਿਐਨ' ਬਾਰੇ ਮੈਸੂਰ ਤੇ ਵਿਦੇਸ਼ ਵਿੱਚ ਵਰਲਡ ਪੰਜਾਬੀ ਸੈਂਟਰ ਅਤੇ ਪੰਜਾਬੀ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਹਿਯੋਗ ਨਾਲ ਪੰਜਾਬੀ ਭਾਸ਼ਾ ਸਬੰਧੀ 'ਭਾਰਤੀ ਕਵਿਤਾ ਕਾ ਛੰਦ ਸ਼ਾਸਤਰ' ਵਿਸ਼ੇ 'ਤੇ ਸੈਮੀਨਾਰ ਕਰਨ, ਤਾਮਿਲ ਕਵਿਤਾ ਦੇ ਪੰਜਾਬੀ 'ਚ ਅਨੁਵਾਦ ਬਾਰੇ ਅੰਮ੍ਰਿਤਸਰ 'ਚ ਵਰਕਸ਼ਾਪ ਦੀ ਮਨਜ਼ੂਰੀ, ਕੋਂਕਣੀ ਕਵਿਤਾ ਦੇ ਪੰਜਾਬੀ 'ਚ ਅਨੁਵਾਦ ਬਾਰੇ ਗੋਆ ਵਿਖੇ ਵਰਕਸ਼ਾਪ ਦੀ ਮਨਜ਼ੂਰੀ, ਚਾਰ ਭਾਸ਼ਾਵਾਂ ਦੀਆਂ ਪੁਸਤਕਾਂ ਦਾ ਪੰਜਾਬੀ ਤੇ ਤਿੰਨ ਪੰਜਾਬੀ ਪੁਸਤਕਾਂ ਦਾ ਹੋਰਨਾਂ ਭਾਸ਼ਾਵਾਂ 'ਚ ਅਨੁਵਾਦ ਕਰਨ ਦਾ ਫੈਸਲਾ ਲਿਆ ਗਿਆ। ਅਜਿਹੇ ਹੀ ਫੈਸਲੇ ਅਗਲੇ ਦੋ ਸਾਲਾਂ ਦੀਆਂ ਮੀਟਿੰਗਾਂ 'ਚ ਲਏ ਗਏ। ਇਨ੍ਹਾਂ ਮੀਟਿੰਗਾਂ 'ਤੇ ਵੱਡੇ ਖਰਚਿਆਂ ਤੋਂ ਜ਼ਾਹਰ ਹੈ ਕਿ ਪੰਜਾਬੀ ਸਲਾਹਕਾਰ ਬੋਰਡ ਦੇ ਮੈਂਬਰਾਂ ਦਾ ਉਦੇਸ਼ ਦੇਸ਼ ਦੀਆਂ ਉਚ ਕੋਟੀ ਦੀਆਂ ਸੈਰਗਾਹਾਂ ਦੀ ਸੈਰ ਕਰਨਾ ਤੇ ਮਹਿੰਗੇ ਹੋਟਲਾਂ 'ਚ ਰਹਿਣਾ, ਆਪਣੇ ਸਮਰਥਕਾਂ ਨੂੰ ਗੋਆ, ਮਦੁਰਾਏ, ਸ੍ਰੀਨਗਰ, ਸ਼ਿਮਲਾ, ਮੁੰਬਈ, ਕੋਲਕਾਤਾ ਆਦਿ ਸ਼ਹਿਰਾਂ ਦੀ ਸੈਰ ਕਰਾਉਣਾ ਹੈ। ਅਕਾਦਮੀ ਵੱਲੋਂ ਪੰਜਾਬ 'ਚ ਇੱਕਾ-ਦੁੱਕਾ ਸਮਾਗਮ ਕੀਤੇ ਜਾਂਦੇ ਹਨ। ਬਹੁਤੇ ਸਮਾਗਮ ਵਿਦੇਸ਼ ਜਾਂ ਪੰਜਾਬ ਤੋਂ ਬਾਹਰ ਕੀਤੇ ਜਾਂਦੇ ਹਨ। ਪੰਜਾਬ 'ਚ ਕਰਾਏ ਜਾਂਦੇ ਸਮਾਗਮਾਂ ਵਿੱਚ ਵੀ ਸਿਰਜਕ ਲੇਖਕਾਂ ਤੇ ਗੰਭੀਰ ਪਾਠਕਾਂ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ ਸਗੋਂ ਬੋਰਡ ਮੈਂਬਰਾਂ ਵੱਲੋਂ ਆਪਣੇ ਸਮਰਥਕਾਂ ਨੂੰ ਸੈਰ ਸਪਾਟੇ ਦਾ ਮੌਕਾ ਦਿੱਤਾ ਜਾਂਦਾ ਹੈ। ਪੁਸਤਕਾਂ ਲਿਖਣ, ਅਨੁਵਾਦ ਕਰਵਾਉਣ ਦਾ ਕੰਮ ਵੀ ਬੋਰਡ ਦੇ ਮੈਂਬਰਾਂ ਵੱਲੋਂ ਖੁਦ ਕੀਤਾ ਜਾਂਦਾ ਜਾਂ ਆਪਣੇ ਸਮਰਥਕਾਂ ਨੂੰ ਦਿੱਤਾ ਜਾਂਦਾ ਹੈ ਤਾਂ ਜੋ ਅਕਾਦਮੀ ਵੱਲੋਂ ਇਸ ਲਈ ਦਿੱਤੀ ਜਾਂਦੀ ਵੱਡੀ ਰਕਮ ਆਪਣੀ ਜੇਬ 'ਚ ਪਾ ਸਕਣ। ਪੰਜਾਬੀ ਤੋਂ ਹੋਰ ਭਾਸ਼ਾਵਾਂ 'ਚ ਅਨੁਵਾਦ ਲਈ ਕੇਵਲ ਉਨ੍ਹਾਂ ਲੇਖਕਾਂ ਦੀਆਂ ਪੁਸਤਕਾਂ ਦੀ ਸਿਫਾਰਸ਼ ਕੀਤੀ ਜਾਂਦੀ ਹੈ ਜਿਹੜੇ ਸਲਾਹਕਾਰਾਂ ਦੇ ਕਰੀਬੀ ਹੁੰਦੇ ਹਨ। ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਪੁਸਤਕਾਂ ਨੂੰ ਹੋਰਨਾਂ ਭਾਸ਼ਾਵਾਂ 'ਚ ਅਨੁਵਾਦ ਕਰਵਾਉਣ ਲਈ ਕੋਈ ਯਤਨ ਨਹੀਂ ਕੀਤੇ ਜਾਂਦੇ।

ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ

ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224

# ਸਕਾਲਰਸ਼ਿਪ ਸਕੈਂਡਲ ਵਿਚ ਮੰਤਰੀ ਧਰਮਸ਼ੋਤ ਨੇ ਐਡੀਸ਼ਨਲ ਚੀਫ ਸੈਕਟਰੀ ਦੀ ਰਿਪੋਰਟ ਨੂੰ ਤੱਥਹੀਣ ਦੱਸਿਆ

ਚੰਡੀਗੜ੍ਹ, 3 ਸਤੰਬਰ (ਪੋਸਟ ਬਿਊਰੋ)- ਪੰਜਾਬ ਦੇ ਵਿਦਿਅਕ ਅਦਾਰਿਆਂ ਵਿੱਚ ਵਜ਼ੀਫਾ ਘੁਟਾਲੇ ਵਿੱਚ ਘਿਰੇ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਨੇ ਕਈ ਦਿਨਾਂ ਦੀ ਖਾਮੋਸ਼ੀ ਪਿੱਛੋਂ ਚੁੱਪ ਤੋੜੀ ਅਤੇ ਐਡੀਸ਼ਨਲ ਚੀਫ ਸੈਕਟਰੀ ਕਿਰਪਾ ਸ਼ੰਕਰ ਸਰੋਜ ਦੀ ਰਿਪੋਰਟ ਨੂੰ ਤੱਥਹੀਣ ਦੱਸ ਕੇ ਰੱਦ ਕੀਤਾ ਹੈ। ਵਿਰੋਧੀ ਧਿਰਾਂ ਵੱਲੋਂ ਹੰਗਾਮੇ ਦੌਰਾਨ ਮੰਤਰੀ ਧਰਮਸ਼ੋਤ ਨੇ ਖੁਦ ਨੂੰ ਬੇਗੁਨਾਹ ਦੱਸਿਆ ਤੇ ਕਿਹਾ ਕਿ ਵਿਧਾਨ ਸਭਾ ਦੇ ਸੈਸ਼ਨ ਤੋਂ ਇੱਕ ਦਿਨ ਪਹਿਲਾਂ ਇੱਕ ਸਾਜ਼ਿਸ਼ ਤਹਿਤ ਬਿਨਾਂ ਕਿਸੇ ਹਵਾਲੇ ਤੋਂ ਤਿਆਰ ਕੀਤੀ ਗਈ ਰਿਪੋਰਟ ਲੀਕ ਕੀਤੀ ਗਈ ਹੈ।



ਇਸ ਸੰਬੰਧ ਵਿੱਚ ਮੰਤਰੀ ਨੇ ਦੋਸ਼ ਲਾਇਆ ਕਿ ਉਨ੍ਹਾਂ ਦੇ ਅਕਸ ਨੂੰ ਢਾਹ ਲਾਉਣ ਲਈ ਇਹ ਸਭ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਐਡੀਸ਼ਨਲ ਚੀਫ ਸੈਕਟਰੀ ਨੇ ਉਸ ਡਿਪਟੀ ਡਾਇਰੈਕਟਰ ਤੋਂ ਤੱਥਹੀਣ ਰਿਪੋਰਟ ਬਣਵਾਈ ਹੈ, ਜਿਸ ਨੂੰ ਉਸ ਨੇ ਖੁਦ ਦੋ ਵਾਰ ਡਿਸਮਿਸ ਕੀਤਾ ਸੀ। ਧਰਮਸੋਤ ਦਾ ਦਾਅਵਾ ਹੈ ਕਿ ਜੋ 39 ਕਰੋੜ ਦੇ ਫੰਡ ਖੁਰਦ ਬੁਰਦ ਕਰਨ ਦੀ ਗੱਲ ਆਖੀ ਗਈ ਹੈ, ਉਸ ਬਾਰੇ ਮਹਿਕਮੇ ਕੋਲ ਇੱਕ-ਇੱਕ ਪੈਸੇ ਦਾ ਹਿਸਾਬ ਮੌਜੂਦ ਤੇ ਬੈਂਕਾਂ ਵਿੱਚ ਵੀ ਸਾਰਾ ਰਿਕਾਰਡ ਪਿਆ ਹੈ ਅਤੇ ਕਿਸੇ ਡਿਫਾਲਟਰ ਸੰਸਥਾ ਨੂੰ ਫੰਡ ਨਹੀਂ ਦਿੱਤੇ ਗਏ।

ਧਰਮਸੋਤ ਦੇ ਦੱਸਣ ਮੁਤਾਬਕ ਸੰਸਥਾਵਾਂ ਨੂੰ ਫੰਡ ਦੇਣਾ ਉਨ੍ਹਾਂ ਦਾ ਕੰਮ ਨਹੀਂ। ਸਗੋਂ ਇਹ ਐਫ ਡੀ ਅਤੇ ਲਾਈਨ ਡਿਪਾਰਟਮੈਂਟ ਤੋਂ ਆਡਿਟ ਕਰਵਾ ਕੇ ਵਿਭਾਗ ਦੇ ਅਧਿਕਾਰੀਆਂ ਨੇ ਯੋਗ ਸੰਸਥਾਵਾਂ ਨੂੰ ਹੀ ਫੰਡ ਦੇਣਾ ਹੁੰਦਾ ਹੈ, ਇਸ ਨਾਲ ਉਨ੍ਹਾਂ ਦਾ ਕੋਈ ਲੈਣ ਦੇਣ ਨਹੀਂ। ਉਨ੍ਹਾਂ ਨੇ ਵਿਭਾਗ ਵਿੱਚ ਸਿੱਧੀ ਫਾਈਲ ਭੇਜਣ ਦੇ ਦੋਸ਼ ਰੱਦ ਕਰਦਿਆਂ ਕਿਹਾ ਕਿ ਆਪਣੇ ਕਾਰਜਕਾਲ ਦੌਰਾਨ ਉਨ੍ਹਾਂ ਨੇ ਇੱਕ ਵੀ ਫਾਈਲ ਸਿੱਧੇ ਤੌਰ ’ਤੇ ਵਿਭਾਗ ਨੂੰ ਨਹੀਂ ਭੇਜੀ, ਹਰ ਫਾਈਲ ਨਿਯਮਾਂ ਮੁਤਾਬਕ ਭੇਜੀ ਜਾਂਦੀ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਹੁਕਮਾਂ ਉੱਤੇ ਚੀਫ ਸੈਕਟਰੀ ਵੱਲੋਂ ਜਾਂਚ ਕੀਤੀ ਜਾ ਰਹੀ ਹੈ ਅਤੇ ਉਮੀਦ ਹੈ ਕਿ ਉਹ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰਨਗੇ। ਧਰਮਸੋਤ ਨੇ ਅਕਾਲੀ ਆਗੂਆਂ ਬਾਰੇ ਕਿਹਾ ਕਿ ਕੇਂਦਰ ’ਚ ਉਨ੍ਹਾਂ ਦੀ ਸਰਕਾਰ ਵੇਲੇ ਸੰਨ 2014 ਤੋਂ 2017 ਤੱਕ ਤਿੰਨ ਸਾਲ ਇੱਕ ਰੁਪਇਆ ਵੀ ਦਲਿਤ ਵਿਦਿਆਰਥੀਆਂ ਲਈ ਨਹੀਂ ਲਿਆਂਦਾ ਗਿਆ ਤੇ ਨਾ ਮੋਦੀ ਸਰਕਾਰ ਮੌਕੇ ਕੋਈ ਦਬਾਅ ਬਣਾਇਆ ਗਿਆ। ਅੱਜ ਸਿਆਸੀ ਰੋਟੀਆਂ ਸੇਕਣ ਲਈ ਇਨ੍ਹਾਂ ਨੂੰ ਦਲਿਤ ਵਿਦਿਆਰਥੀਆਂ ਦਾ ਹੇਜ ਜਾਗ ਪਿਆ ਹੈ।

# ਬਿਜਲੀ ਸਮਝੌਤੇ ਬਾਰੇ ਪੰਜਾਬ ਨੂੰ ਅੱਠ ਹਜ਼ਾਰ ਕਰੋੜ ਰੁਪਏ ਦਾ ਨਵਾਂ ਝਟਕਾ

*** ਪਾਵਰਕਾਮ ਦੇ ਕੇਸ ਹਾਰਨ ਨਾਲ ਬਿਜਲੀ ਮਹਿੰਗੀ ਹੋਣ ਲੱਗੀ**

ਚੰਡੀਗੜ੍ਹ, 3 ਸਤੰਬਰ (ਪੋਸਟ ਬਿਊਰੋ)- ਪੰਜਾਬ ਦੇ ਪ੍ਰਾਈਵੇਟ ਥਰਮਲਾਂ ਦੇ ਪ੍ਰਦੂਸ਼ਣ ਸੁਧਾਰ ਲਈ ਕਰੀਬ ਅੱਠ ਹਜ਼ਾਰ ਕਰੋੜ ਦਾ ਬੋਝ ਵੀ ਪਾਵਰਕਾਮ ਚੁੱਕੇਗਾ, ਜਿਸ ਨਾਲ ਪੰਜਾਬ ਵਿੱਚ ਬਿਜਲੀ ਮਹਿੰਗੀ ਹੋਵੇਗੀ। ਸਮਝਿਆ ਜਾਂਦਾ ਹੈ ਕਿ ਬਿਜਲੀ ਸਮਝੌਤਿਆਂ ’ਤੇ ਨਜ਼ਰਸਾਨੀ ਦੀ ਢਿੱਲ ਦਾ ਨੁਕਸਾਨ ਪੰਜਾਬ ਦੇ ਲੋਕ ਭੁਗਤਣਗੇ। ਪ੍ਰਾਈਵੇਟ ਥਰਮਲ ਪਲਾਂਟਾਂ ਦੇ ਪੁਰਾਣੇ ਬੋਝ ਨਾਲ ਹੀ ਖਪਤਕਾਰ ਝੰਬੇ ਪਏ ਸਨ ਅਤੇ ਉਪਰੋਂ ਕੇਂਦਰ ਦੇ ਇਲੈਕਟ੍ਰੀਸਿਟੀ ਐਪੀਲਾਂਟ ਟ੍ਰਿਬਿਊਨਲ ਦਾ ਫੈਸਲਾ ਪ੍ਰਾਈਵੇਟ ਥਰਮਲ ਪਲਾਂਟਾਂ ਦੇ ਹੱਕ ਵਿੱਚ ਆ ਗਿਆ ਹੈ। ਕੇਂਦਰੀ ਟ੍ਰਿਬਿਊਨਲ ਵਿੱਚ 28 ਅਗਸਤ ਨੂੰ ਪ੍ਰਾਈਵੇਟ ਥਰਮਲ ਪਲਾਂਟ ਕੇਸ ਜਿੱਤ ਗਏ ਹਨ ਅਤੇ ਨਵੇਂ ਫੈਸਲੇ ਅਨੁਸਾਰ ਤਲਵੰਡੀ ਸਾਬੋ ਤੇ ਰਾਜਪੁਰਾ ਥਰਮਲ ਪਲਾਂਟਾਂ ਵਿੱਚ ਪ੍ਰਦੂਸ਼ਣ ਸੁਧਾਰ ਲਈ ਫਲੂਇਡ ਗੈਸ ਡੀਸਫਲਾਈਜੇਸ਼ਨ (ਐਫ ਜੀ ਡੀ) ਜੰਤਰ ਦਾ ਸਾਰਾ ਖਰਚਾ ਪਾਵਰਕਾਮ ਚੁੱਕੇਗਾ। ਕੇਂਦਰੀ ਟ੍ਰਿਬਿਊਨਲ ਦੇ ਇੱਕ ਫੈਸਲੇ ਅਨੁਸਾਰ ਤਲਵੰਡੀ ਸਾਬੋ ਪਾਵਰ ਲਿਮਟਿਡ ਨੂੰ 3157 ਕਰੋੜ ਅਤੇ ਨਾਭਾ ਪਾਵਰ ਲਿਮਟਿਡ ਨੂੰ 4574 ਕਰੋੜ (ਕੁੱਲ 7731 ਕਰੋੜ) ਰੁਪਏ ਐਫ ਜੀ ਡੀ ਲਾਉਣ ਵਾਸਤੇ ਦੇਣੇ ਪੈਣਗੇ।

ਵਰਨਣ ਯੋਗ ਹੈ ਕਿ ਪਹਿਲਾਂ ਇਹ ਦੋਵੇਂ ਪ੍ਰਾਈਵੇਟ ਥਰਮਲ ਪਲਾਂਟ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ’ਚੋਂ 21 ਦਸੰਬਰ 2018 ਅਤੇ 9 ਜਨਵਰੀ 2019 ਨੂੰ ਇਹ ਕੇਸ ਹਾਰ ਗਏ ਸਨ। ਦੋਵੇਂ ਪਲਾਂਟਾਂ ਵਲੋਂ ਰੈਗੂਲੇਟਰੀ ਦੇ ਫੈਸਲੇ ਦੇ ਖਿਲਾਫ ਕੇਂਦਰੀ ਇਲੈਕਟ੍ਰੀਸਿਟੀ ਐਪੀਲਾਂਟ ਟ੍ਰਿਬਿਊਨਲ ਕੋਲ ਅਪੀਲ ਕੀਤੀ ਗਈ ਸੀ ਜਿਸ ਦਾ ਫੈਸਲਾ ਕੱਲ੍ਹ ਆਇਆ ਹੈ। ਮਿਲੇ ਵੇਰਵੇ ਅਨੁਸਾਰ ਪ੍ਰਾਈਵੇਟ ਥਰਮਲ ਪਲਾਂਟਾਂ ਨੇ ਬਿਜਲੀ ਸਮਝੌਤਿਆਂ ਅਤੇ ਟੈਂਡਰਾਂ ਵਿਚਲੀਆਂ ਚੋਰ-ਮੋਰੀਆਂ ਦਾ ਲਾਹਾ ਲਿਆ ਹੈ, ਜਿਸ ਕਾਰਨ ਇਨ੍ਹਾਂ ਵਿੱਚ ਐਫ ਜੀ ਡੀ ਲਾਉਣ ਦਾ ਖਰਚਾ ਪਾਵਰਕਾਮ ਨੂੰ ਚੁੱਕਣਾ ਪਵੇਗਾ। ਪਾਵਰਕਾਮ ਵੀਹ ਸਾਲਾਂ ਵਿੱਚ 7731 ਕਰੋੜ ਰੁਪਏ ਪ੍ਰਾਈਵੇਟ ਥਰਮਲ ਪਲਾਂਟਾਂ ਨੂੰ ਦੇਵੇਗਾ ਜਿਸ ਦੇ ਵਿਆਜ ਸਮੇਤ ਇਹ ਰਕਮ 10 ਹਜ਼ਾਰ ਕਰੋੜ ਦੇ ਪਾਰ ਚਲੇ ਜਾਣ ਦਾ ਅੰਦਾਜ਼ਾ ਹੈ।

ਜਾਣਕਾਰ ਸੂਤਰ ਆਖਦੇ ਹਨ ਕਿ ਬਿਜਲੀ ਸਮਝੌਤੇ ਸਰਕਾਰ ਰੱਦ ਕਰ ਦਿੰਦੀ ਤਾਂ ਘੱਟੋ ਘੱਟ ਨਵੇਂ ਬੋਝ ਤੋਂ ਬਚ ਸਕਦੀ ਸੀ। ਪਤਾ ਲੱਗਾ ਹੈ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਕੌਮਾਂਤਰੀ ਦਬਾਅ ਹੇਠ ਵਾਤਾਵਰਣ ਸ਼ੁੱਧਤਾ ਲਈ ਸਾਰੇ ਥਰਮਲ ਪਲਾਂਟਾਂ ’ਤੇ ਐਫ ਜੀ ਡੀ ਸਿਸਟਮ ਲਾਉਣ ਦਾ ਸਮਝੌਤਾ ਕੀਤਾ ਹੈ। ਐਫ ਜੀ ਡੀ ਜੰਤਰ ਵਿਦੇਸ਼ ਵਿੱਚ ਬਣਦੇ ਹਨ, ਜਿਸ ਕਰ ਕੇ ਵਿਦੇਸ਼ੀ ਕੰਪਨੀਆਂ ਨੂੰ ਜੰਤਰ ਵੇਚਣ ਦਾ ਮੌਕਾ ਵੀ ਮਿਲੇਗਾ। ਐਫ ਜੀ ਡੀ ਸਿਸਟਮ ਨਾਲ ਥਰਮਲ ਪਲਾਂਟਾਂ ਦੀਆਂ ਚਿਮਨੀਆਂ ’ਚੋਂ ਫਲੂ ਗੈਸਾਂ ਦੇ ਨਾਲ ਸਲਫਰ ਗੈਸ ਨਿਕਲਣ ਤੋਂ ਰੁਕਦੀ ਹੈ। ਬਿਜਲੀ ਮਾਹਰਾਂ ਅਨੁਸਾਰ ਭਾਰਤੀ ਕੋਲੇ ਵਿੱਚ ਸਲਫਰ ਦੀ ਮਾਤਰਾ ਬਹੁਤ ਘੱਟ ਹੁੰਦੀ ਹੈ, ਵਿਦੇਸ਼ੀ ਕੋਲੇ ਵਿੱਚ ਇਹ ਮਾਤਰਾ ਜ਼ਿਆਦਾ ਹੈ। ਅਮਰੀਕਾ ਨੇ ਖੁਦ ਪੈਰਿਸ ਸਮਝੌਤੇ ਵਿੱਚ ਲਾਈ ਇਹ ਸ਼ਰਤ ਵਾਪਸ ਲਈ ਹੈ।

ਇਸ ਬਾਰੇ ਕਿਹਾ ਜਾਂਦਾ ਹੈ ਕਿ ਵਿਦੇਸ਼ੀ ਕੰਪਨੀਆਂ ਦੇ ਜੰਤਰ ਵਿਕਵਾਉਣ ਲਈ ਅਜਿਹਾ ਹੋ ਰਿਹਾ ਹੈ। ਕੇਂਦਰੀ ਇਲੈਕਟ੍ਰੀਸਿਟੀ ਅਥਾਰਟੀ ਨੇ ਇਹ ਸਿਸਟਮ ਲਾਉਣ ਦਾ ਖਰਚ ਪ੍ਰਤੀ ਮੈਗਾਵਾਟ 2.31 ਕਰੋੜ ਦੱਸਿਆ ਹੈ। ਵਾਤਾਵਰਣ ਮੰਤਰਾਲੇ ਨੇ ਦਿੱਲੀ ਦੇ 300 ਕਿਲੋਮੀਟਰ ਦੇ ਘੇਰੇ ਅੰਦਰ ਪੈਂਦੇ ਥਰਮਲਾਂ ਨੂੰ ਦਸੰਬਰ 2019 ਤੱਕ ਐਫ ਜੀ ਡੀ ਲਾਉਣ ਦੇ ਹੁਕਮ ਕੀਤੇ ਸਨ। ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਬਿਜਲੀ ਸਮਝੌਤੇ ਲੰਮੀ ਮਿਆਦ ਦੇ ਹਨ ਅਤੇ ਉਪਰੋਂ ਨਵੇਂ ਖਰਚੇ ਨੇ ਬਿਜਲੀ ਦਰਾਂ ਨੂੰ ਅਸਮਾਨੀ ਪਹੁੰਚਾ ਦੇਣਾ ਹੈ।

# ਇੰਗਲੈਂਡ ਭੇਜਣ ਦੇ ਨਾਂ ਉੱਤੇ 12 ਲੱਖ ਰੁਪਏ ਦੀ ਠੱਗੀ

ਭੋਗਪੁਰ, 3 ਸਤੰਬਰ (ਪੋਸਟ ਬਿਊਰੋ)- ਐਸ ਐਸ ਪੀ ਜਲੰਧਰ ਦਿਹਾਤੀ ਨੂੰ ਦਿੱਤੀ ਸ਼ਿਕਾਇਤ ਦੀ ਜਾਂਚ ਤੋਂ ਬਾਅਦ ਇੱਕ ਨੌਜਵਾਨ ਨੂੰ ਇੰਗਲੈਂਡ ਭੇਜਣ ਦਾ ਝਾਂਸਾ ਦੇ ਕੇ ਉਸ ਨਾਲ 12 ਲੱਖ ਰੁਪਏ ਦੀ ਠੱਗੀ ਮਾਰਨ ਵਾਲੇ ਏਜੰਟ ਦੇ ਖ਼ਿਲਾਫ਼ ਥਾਣਾ ਭੋਗਪੁਰ ਵਿੱਚ ਕੇਸ ਦਰਜ ਕੀਤਾ ਗਿਆ ਹੈ।

ਬਲਦੇਵ ਕੁਮਾਰ ਪੁੱਤਰ ਜੋਗਿੰਦਰ ਲਾਲ ਵਾਸੀ ਬੰਦਾ ਬਹਾਦਰ ਸਿੰਘ ਨਗਰ ਜਲੰਧਰ ਨੇ ਐਸ ਐਸ ਪੀ ਜਲੰਧਰ ਨੂੰ ਸ਼ਿਕਾਇਤ ਦਿੱਤੀ ਕਿ ਸੁਦੇਸ਼ ਕੁਮਾਰ ਪੁੱਤਰ ਮਦਨ ਲਾਲ ਵਾਸੀ ਗੁਰਦੇਵ ਨਗਰ ਜਲੰਧਰ, ਜੋ ਆਪਣੇ ਆਪ ਨੂੰ ਟਰੈਵਲ ਏਜੰਟ ਦੱਸਦਾ ਸੀ ਤੇ ਉਸ ਦਾ ਪੁਰਾਣਾ ਜਾਣਕਾਰ ਸੀ, ਨੂੰ ਉਸ ਨੇ ਪੁੱਤਰ ਤਰੁਣ ਕੁਮਾਰ ਨੂੰ ਪੱਕੇ ਤੌਰ ’ਤੇ ਵਰਕ ਪਰਮਿਟ ਉੱਤੇ ਇੰਗਲੈਂਡ ਭੇਜਣ ਬਦਲੇ ਪੰਦਰਾਂ ਲੱਖ ਦਾ ਸੌਦਾ ਤੈਅ ਕੀਤਾ ਸੀ। ਸ਼ਿਕਾਇਤ ਕਰਤਾ ਨੇ ਤਿੰਨ-ਚਾਰ ਕਿਸ਼ਤਾਂ ਵਿੱਚ 12 ਲੱਖ ਰੁਪਏ ਏਜੰਟ ਸੁਦੇਸ਼ ਕੁਮਾਰ ਨੂੰ ਦੇ ਦਿੱਤੇ, ਪਰ ਏਜੰਟ ਸੁਦੇਸ਼ ਕੁਮਾਰ ਨੇ ਸ਼ਿਕਾਇਤ ਕਰਤਾ ਤੋਂ ਲਏ 12 ਲੱਖ ਰੁਪਏ ਦੀ ਗਾਰੰਟੀ ਵਜੋਂ ਉਸ ਨਾਲ ਆਪਣਾ ਘਰ ਵੇਚਣ ਦਾ ਇਕਰਾਰਨਾਮਾ ਕਰ ਲਿਆ ਤੇ ਸਾਢੇ ਸੱਤ ਲੱਖ ਰੁਪਏ ਦੇ ਦੋ ਚੈਕ ਵੀ ਦੇ ਦਿੱਤੇ। ਏਜੰਟ ਨੇ ਕਿਹਾ ਕਿ ਮੈਂ ਲੜਕੇ ਨੂੰ ਇੱਕ ਜਾਂ ਦੋ ਮਹੀਨੇ ਵਿੱਚ ਇੰਗਲੈਂਡ ਭੇਜ ਦੇਵਾਂਗਾ ਪਰ ਲੰਮਾ ਸਮਾਂ ਬੀਤਣ ਤੋਂ ਬਾਅਦ ਵੀ ਜਦੋਂ ਸੁਦੇਸ਼ ਕੁਮਾਰ ਨੇ ਬਲਦੇਵ ਕੁਮਾਰ ਦੇ ਪੁੱਤਰ ਨੂੰ ਇੰਗਲੈਂਡ ਨਾ ਭੇਜਿਆ ਤਾਂ ਬਲਦੇਵ ਕੁਮਾਰ ਨੇ ਪੈਸੇ ਵਾਪਸ ਮੰਗਣੇ ਸ਼ੁਰੂ ਕਰ ਦਿੱਤੇ। ਏਜੰਟ ਨੇ ਨਾ ਬਲਦੇਵ ਕੁਮਾਰ ਨੂੰ ਪੈਸੇ ਵਾਪਸ ਕੀਤੇ ਅਤੇ ਨਾ ਉਸ ਦੇ ਪੁੱਤਰ ਨੂੰ ਇੰਗਲੈਂਡ ਭੇਜਿਆ। ਪ੍ਰੇਸ਼ਾਨ ਹੋ ਕੇ ਬਲਦੇਵ ਕੁਮਾਰ ਨੇ ਇਸ ਬਾਰੇ ਐਸ ਐਸ ਪੀ ਜਲੰਧਰ ਦਿਹਾਤੀ ਨੂੰ ਸ਼ਿਕਾਇਤ ਦਿੱਤੀ, ਜਿਸ ਦੀ ਜਾਂਚ ਇੰਚਾਰਜ ਆਰਥਿਕ ਅਪਰਾਧ ਸ਼ਾਖਾ ਜਲੰਧਰ ਨੇ ਕੀਤੀ ਅਤੇ ਰਿਪੋਰਟ ਵਿੱਚ ਸੁਦੇਸ਼ ਕੁਮਾਰ ਵੱਲੋਂ ਬਲਦੇਵ ਕੁਮਾਰ ਨਾਲ ਉਸ ਦੇ ਲੜਕੇ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ 12 ਲੱਖ ਰੁਪਏ ਦੀ ਠੱਗੀ ਮਾਰਨ ਦੀ ਸ਼ਿਕਾਇਤ ਸਹੀ ਨਿਕਲੀ। ਪੁਲਸ ਨੇ ਸੁਦੇਸ਼ ਕੁਮਾਰ ਦੇ ਖ਼ਿਲਾਫ਼ ਥਾਣਾ ਭੋਗਪੁਰ ਵਿੱਚ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।




# ਨਾਨੇ ਨੇ 13 ਸਾਲਾ ਦੋਹਤਰੀ ਪਕਰੌੜ ਉਮਰ ਦੇ ਬੰਦੇ ਦੇ ਗਲ ਮੜ੍ਹੀ

ਮੋਗਾ, 3 ਸਤੰਬਰ (ਪੋਸਟ ਬਿਊਰੋ)- ਏਥੋਂ ਨੇੜਲੇ ਪਿੰਡ ਚੁਗਾਵਾਂ ਦੀ ਵਸਨੀਕ ਅੱਠਵੀਂ ’ਚ ਪੜ੍ਹਦੀ 13 ਸਾਲਾ ਬੱਚੀ ਦਾ ਉਸ ਦੇ ਨਾਨੇ ਨੇ ਉਸ ਦੀ ਮਾਸੀ ਦੇ ਘਰ ਲਿਜਾ ਕੇ ਤਰਨ ਤਾਰਨ ਦੇ ਤੀਹ ਸਾਲਾ ਵਿਅਕਤੀ ਨਾਲ ਵਿਆਹ ਕਰਵਾ ਦਿੱਤਾ। ਇਸ ਬਾਰੇ ਪਿੰਡ ਦੀ ਪੰਚਾਇਤ ਅਤੇ ਆਂਗਨਵਾੜੀ ਵਰਕਰ ਨੇ ਪੁਲਸ ਨੂੰ ਦੱਸਿਆ ਤਾਂ ਪੁਲਸ ਨੇ ਜਦ ਕਾਰਵਾਈ ਨਹੀਂ ਕੀਤੀ ਤਾਂ ਲੋਕਾਂ ਨੇ ਫਰੀਦਕੋਟ ਦੇ ਬਾਲ ਭਲਾਈ ਵਿਭਾਗ ਨੂੰ ਵੀ ਦੱਸਿਆ। ਮਾਮਲਾ ਮੋਗਾ ਜ਼ਿਲ੍ਹੇ ਦੀ ਬੱਚੀ ਦਾ ਹੋਣ ਕਾਰਨ ਇਥੋਂ ਬਾਲ ਭਲਾਈ ਵਿਭਾਗ ਵੱਲੋਂ ਜਾਂਚ ਲਈ ਆਪਣੀ ਟੀਮ ਤਰਨ ਤਾਰਨ ਭੇਜੀ ਜਾ ਰਹੀ ਹੈ।



ਇਸ ਬਾਰੇ ਪਿੰਡ ਦੀ ਪੰਚ, ਉਸ ਦੇ ਪਤੀ ਬਲਜੀਤ ਸਿੰਘ ਅਤੇ ਆਂਗਨਵਾੜੀ ਵਰਕਰ ਗੁਰਪ੍ਰੀਤ ਕੌਰ ਨੇ ਦੱਸਿਆ ਕਿ ਪਿੰਡ ਚੁਗਾਵਾਂ ਦੇ ਸਤਨਾਮ ਸਿੰਘ ਸੋਢੀ ਨੇ ਆਪਣੀ 13 ਸਾਲਾ ਦੋਹਤੀ ਕਿਰਨਦੀਪ ਕੌਰ ਦਾ ਵਿਆਹ ਤੀਹ ਸਾਲ ਦੇ ਵਿਅਕਤੀ ਨਾਲ ਕਰ ਦਿੱਤਾ ਸੀ। ਇਸ ਦਾ ਪਤਾ ਓਦੋਂ ਲੱਗਾ ਜਦੋਂ ਨਾਬਾਲਗ ਲੜਕੀ ਆਪਣੇ ਪਿੰਡ ਚੁਗਾਵਾਂ ਵਿਖੇ ਆਪਣੇ ਪਤੀ ਤੇ ਹੋਰਨਾਂ ਲੋਕਾਂ ਨਾਲ ਆਪਣੇ ਪਰਵਾਰ ਨੂੰ ਮਿਲਣ ਪੁੱਜੀ। ਪਤਾ ਲੱਗਣ ’ਤੇ ਪਿੰਡ ਦੇ ਲੋਕਾਂ ਤੇ ਆਂਗਨਵਾੜੀ ਵਰਕਰ ਨੇ ਇਸ ਦੀ ਜਾਣਕਾਰੀ ਸਰਪੰਚ ਨੂੰ ਦਿੱਤੀ। ਪੁੱਛਗਿੱਛ ਮਗਰੋਂ ਥਾਣਾ ਮਹਿਣਾ ਨੂੰ ਦੱਸਿਆ ਤਾਂ ਓਥੇ ਪੁੱਜੀ ਪੁਲਸ ਨੇ ਬਾਲ ਵਿਆਹ ਦੇ ਦੋਸ਼ ’ਚ ਨਾਬਾਲਗਾ ਦੇ ਪਤੀ, ਸੱਸ ਅਤੇ ਹੋਰਨਾਂ ਰਿਸ਼ਤੇਦਾਰਾਂ ਨੂੰ ਹਿਰਾਸਤ ਵਿੱਚ ਲੈ ਲਿਆ, ਪਰ ਕੁਝ ਸਮੇਂ ਬਾਅਦ ਉਨ੍ਹਾਂ ਨੂੰ ਛੱਡ ਦਿੱਤਾ। ਇਸ ਦੀ ਸੂਚਨਾ ਫਰੀਦਕੋਟ ਦੇ ਬਾਲ ਵਿਕਾਸ ਵਿਭਾਗ ਨੂੰ ਦਿੱਤੀ, ਜਿਸ ਨੇ ਜ਼ਿਲ੍ਹਾ ਮੋਗਾ ਦੇ ਬਾਲ ਵਿਕਾਸ ਵਿਭਾਗ ਨੂੰ ਦੱਸਿਆ। ਆਂਗਨਵਾੜੀ ਵਰਕਰ ਗੁਰਪ੍ਰੀਤ ਕੌਰ ਨੇ ਦੱਸਿਆ ਕਿ ਥਾਣਾ ਮਹਿਣਾ ਵਿੱਚ ਸੁਣਵਾਈ ਨਾ ਹੁੰਦੀ ਵੇਖ ਕੇ ਉਨ੍ਹਾਂ ਨੇ ਮਾਮਲੇ ਬਾਰੇ ਬਾਲ ਵਿਕਾਸ ਵਿਭਾਗ ਫਰੀਦਕੋਟ ਨਾਲ ਟੋਲ ਫ੍ਰੀ ਨੰਬਰ ’ਤੇ ਸੰਪਰਕ ਕੀਤਾ।

ਬਾਲ ਵਿਕਾਸ ਵਿਭਾਗ ਦੀ ਮੁੱਖ ਅਫਸਰ ਪਰਮਜੀਤ ਕੌਰ ਔਲਖ ਨੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਇਸ ਕੇਸ ਵਿੱਚ ਜਾਂਚ ਲਈ ਆਪਣੀ ਟੀਮ ਦੇ ਮੈਂਬਰਾਂ ਨੂੰ ਭੇਜ ਕੇ ਪਤਾ ਕਰਨਗੇ ਅਤੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਏਗੀ।



# ਸਿੱਖ ਭਾਈਚਾਰੇ ਦੀ ਅਣਦੇਖੀ; ਜੰਮੂ-ਕਸ਼ਮੀਰ ਲਈ ਕਸ਼ਮੀਰੀ, ਡੋਗਰੀ ਅਤੇ ਹਿੰਦੀ ਨੂੰ ਸਰਕਾਰੀ ਭਾਸ਼ਾ ਵਜੋਂ ਮਾਨਤਾ

ਨਵੀਂ ਦਿੱਲੀ, 3 ਸਤੰਬਰ (ਪੋਸਟ ਬਿਊਰੋ)- ਕੇਂਦਰੀ ਕੈਬਨਿਟ ਨੇ ਕੱਲ੍ਹ ਇੱਕ ਬਿੱਲ ਪ੍ਰਵਾਨ ਕਰ ਕੇ ਕਸ਼ਮੀਰੀ, ਡੋਗਰੀ ਤੇ ਹਿੰਦੀ ਨੂੰ ਜੰਮੂ-ਕਸ਼ਮੀਰ ਵਿੱਚ ਸਰਕਾਰੀ ਭਾਸ਼ਾਵਾਂ ਵਜੋਂ ਮਾਨਤਾ ਦੇ ਦਿੱਤੀ ਹੈ।

ਕੱਲ੍ਹ ਇਥੇ ਕੇਂਦਰੀ ਮੰਤਰੀ ਪ੍ਰਕਾਸ਼ ਜਾਵਡੇਕਰ ਨੇ ਕਿਹਾ ਕਿ ਜੰਮੂ ਤੇ ਕਸ਼ਮੀਰ ਸਰਕਾਰੀ ਭਾਸ਼ਾਵਾਂ ਬਿੱਲ, 2020 ਪਾਰਲੀਮੈਂਠ ਦੇ ਮੌਨਸੂਨ ਸੈਸ਼ਨ 'ਚ ਲਿਆਂਦਾ ਜਾਵੇਗਾ। ਇਸ ਨੂੰ ਕੱਲ੍ਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੈਬਨਿਟ ਨੇ ਪ੍ਰਵਾਨਗੀ ਦੇ ਦਿੱਤੀ ਹੈ। ਕੇਂਦਰੀ ਮੰਤਰੀ ਜਤਿੰਦਰ ਸਿੰਘ ਨੇ ਕਿਹਾ ਕਿ ਸਰਕਾਰ ਨੇ ਸੂਬਾ ਵਾਸੀਆਂ ਵੱਲੋਂ ਲੰਮੇ ਸਮੇਂ ਤੋਂ ਕੀਤੀ ਜਾ ਰਹੀ ਇਹ ਮੰਗ ਕੱਲ੍ਹ ਪੂਰੀ ਕਰ ਦਿੱਤੀ ਹੈ। ਇਸ ਦੌਰਾਨ ਆਲ ਪਾਰਟੀ ਸਿੱਖ ਕੋਆਰਡੀਨੇਸ਼ਨ ਕਮੇਟੀ (ਏ ਪੀ ਐਸ ਸੀ ਸੀ) ਨੇ ਕੇਂਦਰ ਸਰਕਾਰ ਵੱਲੋਂ ਜੰਮੂ ਅਤੇ ਕਸ਼ਮੀਰ ਸਰਕਾਰੀ ਭਾਸ਼ਾਵਾਂ ਬਿੱਲ ਵਿੱਚੋਂ ਪੰਜਾਬੀ ਭਾਸ਼ਾ ਨੂੰ ਬਾਹਰ ਕੱਢਣ ਦੀ ਨਿਖੇਧੀ ਕਰਦਿਆਂ ਇਸ ਨੂੰ ਘੱਟ ਗਿਣਤੀਆਂ ਖਿਲਾਫ ਸੋਚ ਵਾਲੀ ਕਾਰਵਾਈ ਦੱਸਿਆ ਹੈ। ਕਮੇਟੀ ਦੇ ਚੇਅਰਮੈਨ ਜਗਮੋਹਨ ਸਿੰਘ ਰੈਣਾ ਨੇ ਕਿਹਾ ਕਿ ਧਾਰਾ 370 ਸਮਾਪਤ ਕਰਨ ਤੋਂ ਪਹਿਲਾਂ ਪੰਜਾਬੀ ਭਾਸ਼ਾ ਜੰਮੂ ਤੇ ਕਸ਼ਮੀਰ ਦੇ ਸੰਵਿਧਾਨ ਦਾ ਅਹਿਮ ਅੰਗ ਸੀ। ਉਨ੍ਹਾਂ ਕਿਹਾ ਕਿ ਸਰਕਾਰ ਦੇ ਇਸ

*** ਪੰਜਾਬੀ ਭਾਸ਼ਾ ਨੂੰ ਬਿੱਲ 'ਚੋਂ ਬਾਹਰ ਰੱਖਿਆ ਗਿਆ**

ਫੈਸਲੇ ਨਾਲ ਘੱਟ-ਗਿਣਤੀਆਂ ਦੇ ਮਨਾਂ ਨੂੰ ਡੂੰਘੀ ਠੇਸ ਪੁੱਜੀ ਹੈ, ਖਾਸ ਕਰ ਕੇ ਜਿਨ੍ਹਾਂ ਦਾ ਸੰਬੰਧ ਸਿੱਖ ਭਾਈਚਾਰੇ ਨਾਲ ਹੈ। ਉਨ੍ਹਾਂ ਕਿਹਾ ਕਿ ਪੰਜਾਬੀ, ਜੰਮੂ ਤੇ ਕਸ਼ਮੀਰ 'ਚ ਇੱਕ ਪ੍ਰਚੱਲਤ ਭਾਸ਼ਾ ਅਤੇ ਲੱਖਾਂ ਲੋਕਾਂ ਵੱਲੋਂ ਬੋਲੀ ਜਾਂਦੀ ਹੈ। ਰੈਣਾ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਬਾਹਰ ਕੱਢ ਕੇ ਭਾਰਤ ਸਰਕਾਰ ਨੇ ਗਲਤ ਕਦਮ ਚੁੱਕਿਆ ਹੈ ਜਿਸ ਨਾਲ ਜੰਮੂ ਕਸ਼ਮੀਰ ਦੇ ਘੱਟ ਗਿਣਤੀਆਂ ਦੇ ਲੋਕਾਂ ਦੇ ਮਨਾਂ ਵਿੱਚ ਨਾਰਾਜ਼ਗੀ ਵਧੀ ਹੈ।

ਉਧਰ ਯੂ ਐੱਨ ਓ ਵਿਚ ਭਾਰਤ ਨੇ ਜੰਮੂ-ਕਸ਼ਮੀਰ ਦੇ ਮੁੱਦੇ ਨੂੰ ਯੂ ਐਨ ਸਕਿਓਰਟੀ ਕੌਂਸਲ ਦੇ ਏਜੰਡੇ ਤੋਂ ਪੱਕੇ ਤੌਰ 'ਤੇ ਹਟਾਉਣ ਲਈ ਕਿਹਾ ਹੈ। ਭਾਰਤ ਨੇ ਕਿਹਾ ਕਿ ਇਸ ਮੁੱਦੇ 'ਤੇ ਤਰਕਹੀਣ ਬਿਆਨਬਾਜ਼ੀ ਹੁੰਦੀ ਹੈ ਜਿਸ ਨੂੰ ਕੋਈ ਵੀ ਸੰਜੀਦਗੀ ਨਾਲ ਨਹੀਂ ਲੈਂਦਾ। ਇਸ ਲਈ ਇਸ ਨੂੰ ਪੁਰਾਣੀ ਏਜੰਡਾ ਆਈਟਮ ਹੇਠ 'ਭਾਰਤ-ਪਾਕਿਸਤਾਨ ਦੇ ਸਵਾਲ' ਵਿੱਚੋਂ ਸਥਾਈ ਤੌਰ 'ਤੇ ਹਟਾ ਦਿੱਤਾ ਜਾਵੇ। ਭਾਰਤ ਨੇ ਪਾਕਿਸਤਾਨ ਦੇ ਅਸਿੱਧੇ ਹਵਾਲੇ ਨਾਲ ਕਿਹਾ ਕਿ ਇੱਕ ਵਫਦ ਹੈ, ਜੋ ਕੌਮਾਂਤਰੀ ਸ਼ਾਂਤੀ ਵਿੱਚ ਯੋਗਦਾਨ ਪਾਉਣ ਦੇ ਦਾਅਵੇ ਬਹੁਤ ਕਰਦਾ ਹੈ, ਪਰ ਮੰਦੇ ਭਾਗਾਂ ਨੂੰ ਇਨ੍ਹਾਂ ਯਤਨਾਂ ਨੂੰ ਪਛਾਣ ਨਹੀਂ ਮਿਲਦੀ। ਸੰਸਾਰ ਪੱਧਰ 'ਤੇ ਸਭ ਨੂੰ ਪਤਾ ਹੈ ਕਿ ਉਹ ਕੌਮਾਂਤਰੀ ਦਹਿਸ਼ਤ ਦਾ ਮੂਲ ਸਰੋਤ ਤੇ ਦਹਿਸ਼ਤੀ ਸਿੰਡੀਕੇਟਾਂ ਦੀ ਹੱਬ ਹੈ। ਵਰਨਣ ਯੋਗ ਹੈ ਕਿ ਪਿਛਲੇ ਦਿਨੀਂ ਸੁਰੱਖਿਆ ਕੌਂਸਲ ਦੀ ਸਾਲਾਨਾ ਰਿਪੋਰਟ 'ਤੇ ਚਰਚਾ ਦੀ ਵਰਚੁਅਲ ਮੀਟਿੰਗ ਦੌਰਾਨ ਪਾਕਿਸਤਾਨ ਦੇ ਯੂ ਐਨ ਵਿੱਚ ਦੂਤ ਮੁਨੀਰ ਅਕਰਮ ਨੇ ਜੰਮੂ ਤੇ ਕਸ਼ਮੀਰ ਦਾ ਮੁੱਦਾ ਰੱਖ ਕੇ ਕਿਹਾ ਸੀ ਕਿ ਕੌਂਸਲ ਜੰਮੂ ਤੇ ਕਸ਼ਮੀਰ ਦੇ ਮੌਜੂਦਾ ਹਾਲਾਤ ਬਾਰੇ ਆਪਣੇ ਮਤਿਆਂ ਤੇ ਫੈਸਲਿਆਂ ਨੂੰ ਅਮਲ ਕਰਾਉਣ ਤੋਂ ਪੱਛੜ ਗਈ ਹੈ।

# ਫੇਸਬੁੱਕ ਵੱਲੋਂ ਅਜੀਤ ਮੋਹਨ ਪਾਰਲੀਮੈਂਟਰੀ ਕਮੇਟੀ ਦੇ ਅੱਗੇ ਪੇਸ਼ ਹੋਏ

*** ਕੰਪਨੀ ਦੇ ਭਾਰਤੀ ਅਧਿਕਾਰੀਆਂ 'ਤੇ ਪੱਖਪਾਤ ਕਰਨ ਦਾ ਦੋਸ਼**

ਨਵੀਂ ਦਿੱਲੀ, 3 ਸਤੰਬਰ (ਪੋਸਟ ਬਿਊਰੋ)- ਫੇਸਬੁਕ ਦੇ ਮੁੱਦੇ 'ਤੇ ਸਿਆਸੀ ਬਿਆਨਬਾਜ਼ੀ ਦੌਰਾਨ ਕੰਪਨੀ ਦੇ ਭਾਰਤ ਵਿਚਲੇ ਮੁਖੀ ਅਜੀਤ ਮੋਹਨ ਕੱਲ੍ਹ ਪਾਰਲੀਮੈਂਟਰੀ ਕਮੇਟੀ ਅੱਗੇ ਪੇਸ਼ ਹੋਏ।

ਸੀਨੀਅਰ ਕਾਂਗਰਸੀ ਆਗੂ ਸ਼ਸ਼ੀ ਥਰੂਰ ਦੀ ਅਗਵਾਈ ਵਾਲੀ ਸੂਚਨਾ ਟੈਕਨਾਲੋਜੀ ਬਾਰੇ ਸਟੈਂਡਿੰਗ ਕਮੇਟੀ ਨੇ ਨਾਗਰਿਕਾਂ ਦੇ ਹੱਕਾਂ ਦੀ ਸੁਰੱਖਿਆ, ਸੋਸ਼ਲ, ਆਨਲਾਈਨ ਨਿਊਜ਼ ਮੀਡੀਆ ਪਲੇਟਫਾਰਮਾਂ ਦੀ ਦੁਰਵਰਤੋਂ ਨੂੰ ਰੋਕਣ ਅਤੇ ਡਿਜੀਟਲ ਸਪੇਸ ਵਿੱਚ ਔਰਤਾਂ ਦੀ ਸੁਰੱਖਿਆ 'ਤੇ ਵਿਸ਼ੇਸ਼ ਜ਼ੋਰ ਦੇਣ ਸਣੇ ਕਈ ਮੁੱਦਿਆਂ 'ਤੇ ਪੱਖ ਜਾਨਣ ਲਈ ਫੇਸਬੁਕ ਦੇ ਨੁਮਾਇੰਦਿਆਂ ਨੂੰ ਸੱਦਿਆ ਸੀ। ਅਧਿਕਾਰੀਆਂ ਨੇ ਕਿਹਾ ਕਿ ਫੇਸਬੁਕ ਦੇ ਪ੍ਰਬੰਧਕੀ ਡਾਇਰੈਕਟਰ ਅਜੀਤ ਮੋਹਨ ਕੱਲ੍ਹ ਦੁਪਹਿਰ ਵੇਲੇ ਪਾਰਲੀਮੈਂਟਰੀ ਕਮੇਟੀ ਅੱਗੇ ਪੇਸ਼ ਹੋਏ। ਕਮੇਟੀ ਨੇ ਇਸ ਮੌਕੇ ਇਲੈਕਟ੍ਰੋਨਿਕਸ ਤੇ ਸੂਚਨਾ ਤਕਨਾਲੋਜੀ ਦੇ ਨੁਮਾਇੰਦਿਆਂ ਨੂੰ ਵੀ ਸੱਦਿਆ ਹੋਇਆ ਸੀ।



ਵਰਨਣ ਯੋਗ ਹੈ ਕਿ ਕਾਂਗਰਸ ਨੇ 'ਵਾਲ ਸਟਰੀਟ ਜਰਨਲ' ਵਿੱਚ ਛਪੇ ਲੇਖ ਦੇ ਹਵਾਲੇ ਨਾਲ ਫੇਸਬੁਕ ਦੇ ਮਾਲਕ ਮਾਰਕ ਜ਼ੁਕਰਬਰਗ ਨੂੰ ਪੱਤਰ ਲਿਖ ਕੇ ਦਾਅਵਾ ਕੀਤਾ ਸੀ ਕਿ ਸੋਸ਼ਲ ਮੀਡੀਆ ਸਾਈਟ ਦੇ ਭਾਰਤ ਵਿਚਲੇ ਅਧਿਕਾਰੀ ਆਪਣੇ ਕਾਰੋਬਾਰੀ ਹਿੱਤਾਂ ਦੇ ਲਈ ਸੱਤਾਧਾਰੀ ਭਾਜਪਾ ਆਗੂਆਂ ਵੱਲੋਂ ਕੀਤੀਆਂ ਪੱਖਪਾਤੀ ਟਿੱਪਣੀਆਂ ਲਈ ਉਨ੍ਹਾਂ ਖਿਲਾਫ ਕਾਰਵਾਈ ਨਹੀਂ ਕਰਦੇ। ਕਾਂਗਰਸ ਦੇ ਆਗੂ ਰਾਹੁਲ ਗਾਂਧੀ ਦੇ ਇਸ ਦਾਅਵੇ ਕਿ ਕੌਮਾਂਤਰੀ ਮੀਡੀਆ ਨੇ ਫੇਸਬੁਕ ਵੱਲੋਂ ਭਾਰਤ ਦੀ ਜਮਹੂਰੀਅਤ ਤੇ ਸਮਾਜਕ ਇਕ-ਸੁਰਤਾ ਉੱਤੇ ਕੀਤੇ 'ਬੇਸ਼ਰਮੀ ਵਾਲੇ ਹੱਲੇ' ਦੇ ਪਾਜ ਵਟਸਐਪ ਉੱਤੇ ਉਧੇੜ ਦਿੱਤੇ ਸਨ, ਜਿਸ ਨਾਲ ਇਸ ਮਸਲੇ 'ਤੇ ਨਵੇਂ ਸਿਰਿਉਂ ਸਿਆਸੀ ਦੂਸ਼ਣਬਾਜ਼ੀ ਸ਼ੁਰੂ ਹੋ ਗਈ ਸੀ। ਰਾਹੁਲ ਗਾਂਧੀ ਨੇ ਇੱਕ ਟਵੀਟ 'ਚ ਕਿਹਾ, 'ਵਿਦੇਸ਼ੀ ਕੰਪਨੀ ਸਣੇ ਕਿਸੇ ਨੂੰ ਵੀ ਦੇਸ਼ ਦੇ ਮਾਮਲਿਆਂ ਵਿੱਚ ਦਖਲ ਦੇਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਇਸ ਲਈ ਇਸ ਮੁੱਦੇ ਉਪਰ ਫੌਰੀ ਜਾਂਚ ਹੋਵੇ ਤੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ।' ਇਸ ਦੇ ਬਾਅਦ ਕੇਂਦਰੀ ਆਈ ਟੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਜ਼ੁਕਰਬਰਗ ਨੂੰ ਪੱਤਰ ਲਿਖ ਕੇ ਦੋਸ਼ ਲਾਇਆ ਸੀ ਕਿ ਸੋਸ਼ਲ ਮੀਡੀਆ ਮੰਚ ਦੇ ਮੁਲਾਜ਼ਮ ਅਜਿਹੇ ਲੋਕਾਂ ਦੀ ਹਮਾਇਤ ਕਰਦੇ ਹਨ, ਜੋ ਪ੍ਰਧਾਨ ਮੰਤਰੀ ਤੇ ਸੀਨੀਅਰ ਕੈਬਨਿਟ ਮੰਤਰੀਆਂ ਖਿਲਾਫ ਮੰਦੀ ਸ਼ਬਦਾਵਲੀ ਵਰਤਦੇ ਹਨ।

ਦੂਸਰੇ ਪਾਸੇ ਸੀ ਪੀ ਆਈ (ਐਮ) ਦੇ ਪਾਰਲੀਮੈਂਟ ਮੈਂਬਰ ਪੀ ਆਰ ਨਟਰ-ਾਜਨ ਨੇ ਕਾਂਗਰਸ ਆਗੂ ਸ਼ਸ਼ੀ ਥਰੂਰ ਨੂੰ ਪੱਤਰ ਲਿਖ ਕੇ ਫੇਸਬੁਕ ਦੇ ਭਾਜਪਾ ਨਾਲ ਸਬੰਧਾਂ ਦੀ ਅਪਰਾਧਕ ਜਾਂਚ ਦੀ ਮੰਗ ਕੀਤੀ ਹੈ। ਸੂਚਨਾ ਅਤੇ ਤਕਨੀਕ ਬਾਰੇ ਪਾਰਲੀਮੈਂਟਰੀ ਕਮੇਟੀ ਦੇ ਚੇਅਰਮੈਨ ਸ਼ਸ਼ੀ ਥਰੂਰ ਹਨ। ਕੋਇੰਬਟੂਰ ਤੋਂ ਥਰੂਰ ਮੈਂਬਰ ਨਟਰਾਜਨ ਨੇ ਉਸ ਨੋਟਿਸ ਦਾ ਜ਼ਿਕਰ ਕੀਤਾ ਹੈ, ਜੋ ਕਮੇਟੀ ਨੇ ਸੋਸ਼ਲ ਮੀਡੀਆ ਕੰਪਨੀ ਨੂੰ ਭੇਜਿਆ ਹੈ। ਨੋਟਿਸ ਵਿੱਚ ਫੇਸਬੁਕ ਨੂੰ ਭਾਰਤ ਵਿੱਚ ਨਫਰਤ ਨੂੰ ਸ਼ਹਿ ਦੇਣ ਬਾਰੇ ਸਵਾਲ ਪੁੱਛੇ ਗਏ ਹਨ। ਕੰਪਨੀ ਦੀਆਂ ਹੋਰ ਗਤੀਵਿਧੀਆਂ 'ਤੇ ਵੀ ਸਵਾਲ ਚੁੱਕੇ ਗਏ ਹਨ।

## ਰਾਮ ਮੰਦਰ ਦਾ ਨਕਸ਼ਾ ਪਾਸ :

# 2.74 ਲੱਖ ਵਰਗ ਮੀਟਰ ਏਰੀਆ ਓਪਨ, 12,879 ਵਰਗ ਮੀਟਰ ਦਾ ਕਵਰਡ ਹੋਵੇਗਾ

ਅਯੁੱਧਿਆ, 3 ਸਤੰਬਰ (ਪੋਸਟ ਬਿਊਰੋ)- ਰਾਮ ਮੰਦਰ ਦੀ ਪੂਜਾ ਕਰਨ ਤੋਂ 20 ਦਿਨਾਂ ਬਾਅਦ ਕੱਲ੍ਹ ਮੰਦਰ ਦਾ ਨਕਸ਼ਾ ਪਾਸ ਕਰ ਦਿੱਤਾ ਗਿਆ ਹੈ। ਅੱਗੋਂ ਇਹ ਨਕਸ਼ਾ ਏ ਡੀ ਏ ਟਰੱਸਟ ਨੂੰ ਸੌਂਪ ਦਿਤਾ ਜਾਏਗਾ। ਰਾਮ ਜਨਮ ਭੂਮੀ ਤੀਰਥ ਖੇਤਰ ਟਰੱਸਟ ਨੇ ਰਾਮ ਮੰਦਰ ਦੇ ਨਾਲ ਪੂਰੀ ਸੱਤਰ ਏਕੜ ਦੀ ਜ਼ਮੀਨ ਦਾ ਨਕਸ਼ਾ ਪਾਸ ਕਰਾਇਆ ਹੈ। ਇਸ ਦੇ ਲਈ ਟਰੱਸਟ ਨੇ 2.11 ਕਰੋੜ ਰੁਪਏ ਵਿਕਾਸ ਟੈਕਸ ਅਤੇ 15 ਲੱਖ 363 ਰੁਪਏ ਲੇਬਰ ਸੈਸ ਦਾ ਬੈਂਕ ਡਰਾਫਟ ਦਿੱਤਾ ਤੇ ਇਲੈਕਟ੍ਰੋਨਿਕ ਟਰਾਂਸਫਰ ਕੀਤਾ ਹੈ। ਏ ਡੀ ਏ ਦੇ



ਚੇਅਰਮੈਨ ਅਤੇ ਕਮਿਸ਼ਨਰ ਐਮ ਪੀ ਅਗਰਵਾਲ ਦੇ ਦੱਸਣ ਮੁਤਾਬਕ ਟਰੱਸਟ ਨੇ ਸੱਤਰ ਏਕੜ ਕੰਪਲੈਕਸ ਦੇ ਦੋ ਨਕਸ਼ੇ ਭੇਜੇ ਸਨ, ਇੱਕ ਨਕਸ਼ਾ ਦੋ ਲੱਖ 74 ਹਜ਼ਾਰ 110 ਵਰਗ ਮੀਟਰ ਦੇ ਲੇਅ-ਆਊਟ ਦਾ ਹੈ, ਇਹ ਓਪਨ ਏਰੀਆ ਹੈ। ਦੂਸਰਾ ਨਕਸ਼ਾ ਰਾਮ ਮੰਦਰ ਦਾ ਹੈ, ਜੋ 12,879 ਵਰਗ ਮੀਟਰ ਕਵਰਡ ਹੈ। ਦੋਵੇਂ ਨਕਸ਼ੇ ਬੋਰਡ ਦੀ ਬੈਠਕ ਵਿੱਚ ਪਾਸ ਕੀਤੇ ਗਏ ਹਨ। ਕੁੱਲ 49.24 ਮੀਟਰ ਉਚਾਈ, ਹੇਠਾ ਜ਼ਮੀਨੀ-ਤਲ 9972 ਵਰਗ ਮੀਟਰ, ਪਹਿਲੀ ਮੰਜਿਲ 1850 ਵਰਗ ਮੀਟਰ ਦੂਸਰੀ ਮੰਜਿਲ 1056 ਵਰਗ ਮੀਟਰ ਹੋਵੇਗੀ। ਨਕਸ਼ੇ ਮੁਤਾਬਕ ਰਾਮ ਮੰਦਰ ਤੇ ਪਰਕੋਟੇ ਦੀ ਬਿਲਡਿੰਗ ਪੰਜ ਏਕੜ ਵਿੱਚ ਤਜਵੀਜ਼ ਕੀਤੀ ਗਈ ਹੈ। ਮੰਦਰ ਦੇ ਪੂਰੇ ਪੰਜ ਏਕੜ ਵਿੱਚ 60 ਮੀਟਰ ਦੀ ਡੂੰਘਾਈ ਤੱਕ ਬਜਰੀ ਦੇ ਕਰੀਬ 1200 ਖੰਭੇ ਬਣਨੇ ਹਨ, ਜਿਨ੍ਹਾਂ ਲਈ ਭਾਰੀ ਮਾਤਰਾ ਵਿੱਚ ਸੀਮੈਂਟ ਅਤੇ ਬਜਰੀ ਦੀ ਜ਼ਰੂਰਤ ਹੋਵੇਗੀ।

# ਪਰਿਵਾਰ ਦੀ ਹੱਤਿਆ ਕਰ ਕੇ ਪਤੀ ਫਰਾਰ

ਨਾਰਨੌਲ, 3 ਸਤੰਬਰ (ਪੋਸਟ ਬਿਊਰੋ)- ਹਰਿਆਣਾ ਦੇ ਨਾਰਨੌਲ ਸ਼ਹਿਰ ਦੇ ਸਿੰਘਾਨਾ ਰੋਡ ਉੱਤੇ ਝੁੱਗੀ ਵਿੱਚ ਰਹਿੰਦੇ ਮੱਧ ਪ੍ਰਦੇਸ਼ ਦੇ ਇੱਕ ਮਜ਼ਦੂਰ ਨੇ ਕੱਲ੍ਹ ਰਾਤ ਆਪਣੀ ਪਤਨੀ ਅਤੇ ਤਿੰਨ ਬੱਚਿਆਂ ਦੀ ਕੁਹਾੜੀ ਨਾਲ ਹੱਤਿਆ ਕਰ ਦਿੱਤੀ ਅਤੇ ਇਸ ਦੇ ਬਾਅਦ ਫਰਾਰ ਹੋ ਗਿਆ।

ਇਸ ਬਾਰੇ ਸਿਟੀ ਪੁਲਸ ਤੋਂ ਮਿਲੀ ਜਾਣਕਾਰੀ ਅਨੁਸਾਰ ਸਿੰਘਾਨਾ ਰੋਡ 'ਤੇ ਨਹਿਰ ਦੇ ਪਾਰ ਇੱਕ ਖੇਤ ਵਿੱਚ ਬਣੀ ਝੁੱਗੀ ਵਿੱਚ ਤੁਲਸੀ ਰਾਮ ਆਪਣੇ ਪਰਵਾਰ ਨਾਲ ਰਹਿੰਦਾ ਸੀ। ਰਾਤ ਨੂੰ ਉਹ ਕੁਹਾੜੀ ਨਾਲ ਆਪਣੀ ਪਤਨੀ ਅਤੇ ਤਿੰਨਾਂ ਬੱਚਿਆਂ ਦੀ ਹੱਤਿਆ ਕਰ ਕੇ ਫਰਾਰ ਹੋ ਗਿਆ। ਘਟਨਾ ਦੇ ਬਾਅਦ ਘਰ 'ਚੋਂ ਕੋਈ ਆਵਾਜ਼ ਨਾ ਆਉਣ 'ਤੇ ਗਵਾਂਢੀਆਂ ਨੂੰ ਸ਼ੱਕ ਹੋਇਆ। ਕੱਲ੍ਹ ਦੁਪਹਿਰ ਨੇੜੇ ਦੀਆਂ ਝੁੱਗੀਆਂ ਵਿੱਚ ਰਹਿੰਦੇ ਲੋਕਾਂ ਨੇ ਦੇਖਿਆ ਕਿ ਉਥੇ ਔਰਤ ਸਮੇਤ ਖੂਨ ਨਾਲ ਲਥਪਥ ਚਾਰ ਲਾਸ਼ਾਂ ਪਈਆਂ ਸਨ। ਸੂਚਨਾ ਮਿਲਣ 'ਤੇ ਪੁਲਸ ਓਥੇ ਪਹੁੰਚੀ। ਪੁਲਸ ਨੇ ਕਤਲ ਵਿੱਚ ਵਰਤੀ ਕੁਹਾੜੀ ਨੂੰ ਕਬਜ਼ੇ ਵਿੱਚ ਲੈ ਕੇ ਤੁਲਸੀ ਰਾਮ ਦੇ ਖਿਲਾਫ ਕਤਲ ਦਾ ਕੇਸ ਦਰਜ ਕਰ ਲਿਆ ਹੈ। ਦੱਸਿਆ ਜਾਂਦਾ ਹੈ ਕਿ ਤੁਲਸੀ ਰਾਮ ਸ਼ਰਾਬ ਦਾ ਆਦੀ ਸੀ। ਪੁਲਸ ਉਸ ਦੀ ਅਤੇ ਨੇੜੇ ਦੀਆ ਝੁੱਗੀਆਂ ਵਿੱਚ ਰਹਿੰਦੇ ਉਸ ਦੇ ਭਰਾ ਦੀ ਤਲਾਸ਼ ਕਰ ਰਹੀ ਹੈ।

# ਦਿਲ ਵਿੱਚ ਦੋ ਇੰਚ ਦੇ ਛੇਕ ਵਾਲੀ ਔਰਤ ਦੀ ਸਫਲ ਸਰਜਰੀ

ਸ਼ਿਮਲਾ, 3 ਸਤੰਬਰ (ਪੋਸਟ ਬਿਊਰੋ)- ਹਿਮਾਚਲ ਪ੍ਰਦੇਸਲ ਦੇ ਕੁੱਲੂ ਦੀ 70 ਸਾਲਾ ਔਰਤ 23 ਅਗਸਤ ਘਰ ਵਿੱਚ ਕੰਮ ਕਰਦੇ ਸਮੇਂ ਡਿੱਗ ਪਈ ਸੀ। ਇਸ ਕਾਰਨ ਉਸ ਦੇ ਦਿਲ ਵਿੱਚ ਦੋ ਇੰਚ ਦਾ ਛੇਕ ਹੋ ਗਿਆ। ਆਮ ਤੌਰ ਉੱਤੇ ਜੇ ਕਿਸੇ ਦੇ ਦਿਲ ਵਿੱਚ ਹਲਕਾ ਜਿਹਾ ਵੀ ਛੇਕ ਹੋ ਜਾਏ ਤਾਂ ਖੂਨ ਨਿਕਲਣ ਨਾਲ ਮਰੀਜ਼ ਜ਼ਿਆਦਾ ਤੋਂ ਜ਼ਿਆਦਾ ਪੰਜ ਮਿੰਟ ਤੱਕ ਜਿੰਦਾ ਰਹਿ ਸਕਦਾ ਹੈ। ਇਸ ਔਰਤ ਨੂੰ ਪਹਿਲਾਂ ਕੁੱਲੂ ਹਸਪਤਾਲ ਲਿਆਂਦਾ ਗਿਆ, ਓਥੋਂ ਡਾਕਟਰਾਂ ਨੇ ਇਸ ਨੂੰ ਇੰਦਰਾ ਗਾਂਧੀ ਮੈਡੀਕਲ ਕਾਲਜ (ਆਈ ਜੀ ਐੱਮ ਸੀ) ਸ਼ਿਮਲਾ ਰੈਫਰ ਕਰ ਦਿੱਤਾ।

ਮੈਡੀਕਲ ਕਾਲਜ ਪੁੱਜਣ ਤੱਕ ਔਰਤ ਦੀ ਹਾਲਤ ਕਾਫੀ ਖਰਾਬ ਹੋ ਗਈ ਵੇਖਣ ਪਿੱਛੋਂ ਉਸ ਨੂੰ ਸੀ ਟੀ ਵੀ ਐਸ ਡਿਪਾਰਟਮੈਂਟ ਦੇ ਡਾਕਟਰਾਂ ਨੇ ਬਿਨਾਂ ਸਮਾਂ ਖਰਾਬ ਕੀਤੇ ਅਪਰੇਸ਼ਨ ਥੀਏਟਰ ਵਿੱਚ ਪੁਚਾਇਆ ਅਤੇ ਬਾਈਪਾਸ ਮਸ਼ੀਨ ਵਿੱਚ ਰੱਖਿਆ ਅਤੇ ਉਸ ਦੇ ਦਿਲ ਵਿੱਚ ਹੋਏ ਛੇਕ ਨੂੰ ਬੰਦ ਕੀਤਾ। ਅਪਰੇਸ਼ਨ ਦੇ ਬਾਅਦ ਔਰਤ ਠੀਕ ਹੈ ਅਤੇ ਉਸ ਨੂੰ ਆਈ ਜੀ ਐਮ ਸੀ ਤੋਂ ਜਲਦੀ ਛੁੱਟੀ ਦੇ ਦਿੱਤੀ ਜਾਏਗੀ। ਪਹਿਲੀ ਵਾਰ ਆਈ ਜੀ ਐਮ ਸੀ ਵਿੱਚ ਦਿਲ ਵਿੱਚ ਹੋਏ ਇੰਨੇ ਵੱਡੇ ਛੇਕ ਨੂੰ ਬੰਦ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਇੱਕ ਇੰਚ ਤੱਕ ਦੇ ਛੇਕ ਦੀ ਸਰਜਰੀ ਕੀਤੀ ਗਈ ਹੈ।

ਇਹ ਔਰਤ ਜਦੋਂ ਆਈ ਜੀ ਐਮ ਸੀ ਵਿੱਚ ਪਹੁੰਚੀ ਤਾਂ ਇਥੇ ਸੀ ਟੀ ਵੀ ਐਸ ਵਿਭਾਗ ਦੇ ਮੁਖੀ ਡਾ. ਸੁਧੀਰ ਮਹਿਤਾ ਦੀ ਅਗਵਾਈ ਵਿੱਚ 15 ਮੈਂਬਰੀ ਟੀਮ ਮੌਜੂਦ ਸੀ। ਉਨ੍ਹਾਂ ਨੇ ਔਰਤ ਦੀ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਉਸ ਦੇ ਦਿਲ ਵਿੱਚ ਦੋ ਇੰਚ ਦਾ ਛੇਕ ਹੈ ਅਤੇ ਛੇਕ ਵਿੱਚੋਂ ਬਲੱਡ ਨਿਕਲ ਕੇ ਦਿਲ ਦੇ ਚਾਰੇ ਪਾਸੇ ਫੈਲ ਗਿਆ ਹੈ। ਡਾਕਟਰਾਂ ਨੇ ਬਾਈਪਾਸ ਮਸ਼ੀਨ ਦੀ ਮਦਦ ਨਾਲ ਖੂਨ ਸਾਫ ਕਰ ਕੇ ਛੇਕ ਨੂੰ ਬੰਦ ਕੀਤਾ। ਉਸ ਦੇ ਬਾਅਦ ਦਿਲ ਵਿੱਚ ਬਲੱਡ ਦੀ ਜਿੰਨੀ ਜ਼ਰੂਰਤ ਹੁੰਦੀ ਹੈ, ਓਨਾ ਬਲੱਡ ਮਸ਼ੀਨ ਦੀ ਮਦਦ ਨਾਲ ਉਸ ਨੂੰ ਸਰਕੂਲੇਟ ਕੀਤਾ ਗਿਆ। ਕਰੀਬ ਛੇ ਘੰਟੇ ਬਾਅਦ ਔਰਤ ਨੂੰ ਆਈ ਸੀ ਯੂ ਵਿੱਚ ਸ਼ਿਫਟ ਕੀਤਾ ਗਿਆ। ਉਸ ਦੇ ਬਾਅਦ ਉਸ ਦੀ ਹਾਲਤ ਪਹਿਲਾਂ ਨਾਲੋਂ ਬਿਹਤਰ ਹੈ।

# ਦਿੱਲੀ ਤੋਂ ਅਹਿਮਦਾਬਾਦ ਵਿਚਾਲੇ ਦੂਸਰੇ ਬੁਲੇਟ ਟਰੇਨ ਪ੍ਰੋਜੈਕਟ ਉੱਤੇ ਕੰਮ ਸ਼ੁਰੂ

ਨਵੀਂ ਦਿੱਲੀ, 3 ਸਤੰਬਰ (ਪੋਸਟ ਬਿਊਰੋ)- ਭਾਰਤ ਦੇ ਨੈਸ਼ਨਲ ਹਾਈ ਸਪੀਡ ਰੇਲਵੇ ਕਾਰਪੋਰੇਸ਼ਨ (ਐਨ ਐਚ ਐਸ ਆਰ ਸੀ ਐਲ) ਨੇ ਦਿੱਲੀ ਤੋਂ ਅਹਿਮਦਾਬਾਦ ਤੱਕ 886 ਕਿਲੋਮੀਟਰ ਲੰਬੇ ਦੇਸ਼ ਦੇ ਦੂਸਰੇ ਬੁਲੇਟ ਟਰੇਨ ਪ੍ਰੋਜੈਕਟ ਦੀ ਵਿਸਥਾਰਤ ਰੂਪਰੇਖਾ ਬਣਾਉਣ ਸਬੰਧੀ ਅੰਕੜੇ ਇਕੱਠੇ ਕਰਨ ਲਈ ਇਸ਼ਤਿਹਾਰ ਜਾਰੀ ਕਰ ਦਿੱਤੇ ਹਨ।

ਮਿਲੀ ਜਾਣਕਾਰੀ ਅਨੁਸਾਰ ਦਿੱਲੀ ਤੋਂ ਜੈਪੁਰ ਤੇ ਉਦੈਪੁਰ ਦੇ ਰਸਤੇ ਅਹਿ-ਮਦਾਬਾਦ ਤੱਕ ਦੇ ਇਸ ਕਾਰੀਡੋਰ ਲਈ ਵਿਸਥਾਰਤ ਯੋਜਨਾ ਰਿਪੋਰਟ (ਡੀ ਪੀ ਆਰ) ਬਣਾਉਣ ਲਈ ਤਿੰਨ ਵੱਖ-ਵੱਖ ਖੇਤਰਾਂ ਦੇ ਅੰਕੜੇ ਇਕੱਠੇ ਕਰਨ ਦੇ ਲਈ ਏਜੰਸੀਆਂ ਵਾਸਤੇ ਅਰਜ਼ੀਆਂ ਭਰਨ ਦੀ ਆਖਰੀ ਤਰੀਕ 21 ਸਤੰਬਰ ਤੋਂ ਲੈ ਕੇ 28 ਸਤੰਬਰ ਤੱਕ ਹੈ। ਪਤਾ ਲੱਗਾ ਹੈ ਕਿ ਇਸ ਪ੍ਰੋਜੈਕਟ ਲਈ ਰੂਟ ਤੈਅ ਕਰਨ, ਪੁਲਾਂ, ਆਰ ਓ ਬੀ, ਅੰਡਰ ਪਾਸ, ਐਕਸਪ੍ਰੈਸ-ਵੇਅ ਕ੍ਰਾਸਿੰਗ ਆਦਿ, ਆਵਾਜਾਈ ਅਤੇ ਖਰਚ ਦੇ ਅਨੁਮਾਨ ਦੇ ਅੰਕੜੇ ਇਕੱਠੇ ਕੀਤੇ ਜਾਣ ਪਿੱਛੋਂ ਪ੍ਰੋਜੈਕਟ ਦੀ ਲਾਗਤ ਤੈਅ ਹੋ ਸਕੇਗੀ।

# ਸੁਪਰੀਮ ਕੋਰਟ ਨੇ ਟੈਲੀਕਾਮ ਕੰਪਨੀਆਂ ਨੂੰ ਏ ਜੀ ਆਰ ਬਕਾਏ ਭਰਨ ਲਈ 10 ਸਾਲ ਦਿੱਤੇ

ਨਵੀਂ ਦਿੱਲੀ, 3 ਸਤੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੋਰੋਨਾ ਮਹਾਂਮਾਰੀ ਦੌਰਾਨ ਟੈਲੀਕਾਮ ਕੰਪਨੀਆਂ ਨੂੰ ਵੱਡੀ ਰਾਹਤ ਦਿੰਦਿਆਂ ਉਨ੍ਹਾਂ ਨੂੰ ਵਿਕਾਸ ਮਾਲੀਆ (ਏ ਜੀ ਆਰ) ਬਕਾਏ ਦੇਣ ਲਈ 10 ਸਾਲ ਦਿੱਤੇ ਹਨ। ਕਰੀਬ 1.6 ਲੱਖ ਕਰੋੜ ਰੁਪਏ ਦਾ ਬਕਾਇਆ ਚੁਕਾਉਣ ਲਈ ਇਹ 10 ਸਾਲ ਦੀ ਮਿਆਦ ਇੱਕ ਅਪ੍ਰੈਲ 2021 ਤੋਂ ਸ਼ੁਰੂ ਹੋਵੇਗੀ।

ਇਸ ਕੇਸ ਦਾ ਫੈਸਲਾ ਦੇਂਦਿਆਂ ਸੁਪਰੀਮ ਕੋਰਟ ਦੀ ਤਿੰਨ ਜੱਜਾਂ ਦੀ ਬੈਂਚ ਨੇ ਕਿਹਾ ਕਿ ਟੈਲੀਕਾਮ ਕੰਪਨੀਆਂ ਨੂੰ 31 ਮਾਰਚ 2021 ਤੱਕ ਏ ਜੀ ਆਰ ਦੇ ਬਕਾਏ ਦਾ 10 ਫ਼ੀਸਦੀ ਦੇਣਾ ਹੋਵੇਗਾ, ਜਦ ਕਿ ਬਾਕੀ ਰਕਮ ਹਰ ਸਾਲ ਸੱਤ ਫਰਵਰੀ ਨੂੰ ਕਿਸ਼ਤ ਵਜੋਂ ਦੇਣੀ ਹੋਵੇਗੀ। ਅਦਾਲਤ ਨੇ ਨਾਲ ਇਹ ਵੀ ਕਿਹਾ ਕਿ ਬਕਾਏ ਉੱਤੇ ਦੁਬਾਰਾ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ, ਭਾਵ ਜੋ ਰਕਮ ਤੈਅ ਹੈ, ਰਕਮ ਭਰਨੀ ਹੀ ਹੋਵੇਗੀ। ਕੋਰਟ ਨੇ ਫ਼ੈਸਲੇ ਦੇਂਦਿਆਂ ਕਿਹਾ ਕਿ ਬਕਾਏ ਬਾਰੇ ਏ ਜੀ ਆਰ ਟੈਲੀਕਾਮ ਕੰਪਨੀਆਂ ਦੇ ਡਾਇਰੈਕਟਰ ਅਤੇ ਚੇਅਰਪਰਸਨ ਨੂੰ ਇੱਕ ਐਫੀਡੇਵਿਟ ਵੀ ਦੇਣਾ ਹੋਵੇਗਾ। ਕੋਰਟ ਦੇ ਫ਼ੈਸਲੇ ਮੁਤਾਬਿਕ ਜੇ ਕਿਸ਼ਤ ਦਾ ਭੁਗਤਾਨ ਨਹੀਂ ਕੀਤਾ ਜਾਂਦਾ ਤਾਂ ਰਕਮ ਉੱਤੇ ਵਿਆਜ ਦੇਣਾ ਹੋਵੇਗਾ ਅਤੇ ਅਦਾਲਤ ਦੀ ਮਾਣਹਾਨੀ ਦਾ ਕੇਸ ਵੀ ਸ਼ੁਰੂ ਕੀਤਾ ਜਾ ਸਕਦਾ ਹੈ। ਟੈਲੀਕਾਮ ਕੰਪਨੀਆਂ ਅਦਾਲਤ ਤੋਂ 15 ਸਾਲ ਦਾ ਸਮਾਂ ਮੰਗ ਰਹੀਆਂ ਹਨ ਅਤੇ ਕੇਂਦਰ ਨੇ 20 ਸਾਲ ਦੇਣ ਦੀ ਮੰਗ ਕੀਤੀ ਸੀ। ਟੈਲੀਕਾਮ ਕੰਪਨੀਆਂ ਦੀ ਕੁੱਲ 1.6 ਲੱਖ ਕਰੋੜ ਰੁਪਏ ਦੀ ਦੇਣਦਾਰੀ ਵਿੱਚੋਂ ਸਭ ਤੋਂ ਵੱਧ 50,400 ਕਰੋੜ ਰੁਪਏ ਦੀ ਦੇਣ ਦਾਰੀ ਵੋਡਾਫੋਨ ਦੀ ਹੈ ਜਿਸ ਵਿਚੋਂ ਹਾਲੇ ਤਕ 7854 ਕਰੋੜ ਰੁਪਏ ਦਿੱਤੇ ਗਏ ਹਨ। ਏਅਰਟੈਲ ਉੱਤੇ 26,000 ਕਰੋੜ ਰੁਪਏ ਬਾਕੀ ਸਨ, ਜਿਸ ਵਿੱਚੋਂ 18,000 ਕਰੋੜ ਦੀ ਅਦਾਇਗੀ ਕਰ ਦਿੱਤੀ ਹੈ।

# ਭਾਰਤ ਵਿੱਚ ਕਈ-ਕਈ ਬੈਂਕ ਖਾਤਿਆਂ ਵਾਲੇ ਲੋਕ ਇਨਕਮ ਟੈਕਸ ਵਿਭਾਗ ਦੀ ਰਡਾਰ ਉੱਤੇ

ਨਵੀਂ ਦਿੱਲੀ, 3 ਅਗਸਤ (ਪੋਸਟ ਬਿਊਰੋ)- ਭਾਰਤ ਵਿੱਚ ਜਿਨ੍ਹਾਂ ਲੋਕਾਂ ਨੇ ਬਿਨਾਂ ਕਿਸੇ ਕਾਰਨ ਬੈਂਕਾਂ ਵਿੱਚ ਖਾਤੇ ਖੁੱਲ੍ਹਵਾ ਰੱਖੇ ਹਨ, ਉਹ ਸਾਵਧਾਨ ਹੋ ਜਾਣ। ਇਨ੍ਹਾਂ ਖਾਤਿਆਂ ਦੀ ਵਰਤੋਂ ਨਹੀਂ ਕਰਦੇ ਤਾਂ ਬੰਦ ਕਰਵਾ ਦੇਣ। ਨਹੀਂ ਤਾਂ ਹੋ ਸਕਦਾ ਹੈ ਕਿ ਇਸੇ ਕਾਰਨ ਇਨਕਮ ਟੈਕਸ ਵਿਭਾਗ ਦੇ ਰਡਾਰ ਉੱਤੇ ਆ ਜਾਣ।

ਇਨਕਮ ਟੈਕਸ ਵਿਭਾਗ ਸਮਝਦਾ ਹੈ ਕਿ ਅਨੇਕਾਂ ਬੈਂਕ ਅਕਾਊਂਟ ਇਸ ਲਈ ਖੁੱਲ੍ਹਵਾਏ ਹੋਏ ਹਨ ਕਿ ਉਹ ਕਾਲੇ ਧਨ ਨੂੰ ਸਫੈਦ ਬਣਾਉਣ ਦਾ ਜ਼ਰੀਆ ਬਣ ਸਕਣ। ਇਸ ਬਾਰੇ ਜਾਣਕਾਰਾਂ ਦਾ ਕਹਿਣਾ ਹੈ ਕਿ ਭਾਰਤ ਵਿੱਚ ਹਾਲੇ ਤੱਕ ਅਜਿਹਾ ਕੋਈ ਕਾਨੂੰਨ ਨਹੀਂ, ਜੋ ਕਿਸੇ ਵਿਅਕਤੀ ਨੂੰ ਕਈ ਬੈਂਕਾਂ ਵਿੱਚ ਖਾਤੇ ਖੋਲ੍ਹਣ ਤੋਂ ਰੋਕੇ, ਪਰ ਗੱਲ ਇਨਕਮ ਟੈਕਸ ਵਿਭਾਗ ਵੱਲੋਂ ਇਨ੍ਹਾਂ ਲੋਕਾਂ ਨੂੰ ਪ੍ਰੇਸ਼ਾਨੀ ਹੋ ਸਕਦੀ ਹੈ। ਇਸ ਵਿਭਾਗ ਦੇ ਸੋਚਣ-ਢੰਗ ਵੱਖਰਾ ਹੈ। ਉਹ ਸੋਚਦਾ ਹੈ ਕਿ ਕਿਸੇ ਨੇ ਬਿਨਾਂ ਕਾਰਨ ਕਈ ਬੈਂਕਾਂ ਵਿੱਚ ਅਕਾਊਂਟ ਖੋਲ੍ਹਿਆ ਹੈ ਤਾਂ ਉਹ ਕਿਤੇ ਡੰਮੀ ਅਕਾਊਂ ਤਾਂ ਨਹੀਂ। ਉਹ ਕਿਸੇ ਸ਼ੈਲ ਜਾਂ ਫਰਜ਼ੀ ਕੰਪਨੀ ਨਾਲ ਤਾਂ ਨਹੀਂ ਜੁੜਿਆ। ਉਸ ਨਾਲ ਕਾਲੇ ਧਨ ਨੂੰ ਸਫੈਦ ਬਣਾਉਣ ਵਿੱਚ ਮਦਦ ਤਾਂ ਨਹੀਂ ਮਿਲ ਰਹੀ।

ਜਾਣਕਾਰ ਸੂਤਰ ਦੱਸਦੇ ਹਨ ਕਿ ਜੇ ਕਿਸੇ ਵਿਅਕਤੀ ਨੇ ਵੱਖ-ਵੱਖ ਸ਼ਹਿਰਾਂ ਵਿੱਚ ਕਈ ਬੈਂਕ ਖਾਤੇ ਖੁੱਲ੍ਹਵਾਏ ਹੋਏ ਤਾਂ ਵੀ ਉਹ ਸ਼ੱਕ ਦਾ ਪਾਤਰ ਹੈ। ਕਈ ਸਾਲ



ਪਹਿਲਾਂ ਜਦੋਂ ਬੈਂਕਾਂ ਵਿੱਚ ਸੈਂਟਰਲਾਈਜਡ ਬੈਂਕਿੰਗ ਸਿਸਟਮ ਨਹੀਂ ਸੀ ਤਾਂ ਕਈ ਸ਼ਹਿਰਾਂ ਵਿੱਚ ਕੰਮ ਕਰਨ ਵਾਲੇ ਕਾਰੋਬਾਰੀ ਏਦਾਂ ਕਰਦੇ ਸਨ ਕਿਉਂਕਿ ਓਦੋਂ ਦੂਜੇ ਸ਼ਹਿਰ ਦੇ ਬੈਂਕ ਦਾ ਚੈਕ ਕਲੀਅਰ ਹੋਣ ਵਿੱਚ ਸਮਾਂ ਲਗਦਾ ਸੀ। ਅੱਜਕੱਲ੍ਹ ਸੀ ਬੀ ਐਸ ਸਿਸਟਮ ਵਿੱਚ ਅੱਖ ਝਪਕਦੇ ਪੈਸਾ ਟ੍ਰਾਂਸਫਰ ਹੋ ਜਾਂਦਾ ਹੈ। ਅਜਿਹੇ ਵਿੱਚ ਜੇ ਕੋਈ ਵਿਅਕਤੀ ਵੱਖ-ਵੱਖ ਸ਼ਹਿਰ ਵਿੱਚ ਖਾਤਾ ਖੋਲ੍ਹਦਾ ਹੈ ਤਾਂ ਉਸ ਦਾ ਕੁਝ ਹੋਰ ਮਕਸਦ ਹੈ। ਵਿੱਤ ਮੰਤਰਾਲਾ ਦੇ ਅਧਿਕਾਰੀ ਦੱਸਦੇ ਹਨ ਕਿ ਬੈਂਕਾਂ ਤੋਂ ਇਨਕਮ ਟੈਕਸ ਵਿਭਾਗ ਨੂੰ ਲਗਾਤਾਰ ਸੂਚਨਾ ਮਿਲ ਰਹੀ ਹੈ ਕਿ ਕੌਣ ਵਿਅਕਤੀ ਵੱਡੀ ਮਾਤਰਾ ਵਿੱਚ ਰੁਪਏ ਕੱਢਵਾ ਜਾਂ ਜਮ੍ਹਾ ਕਰ ਰਿਹਾ ਹੈ।


jobs! jobs! jobs! jobs! jobs!

DUNDAS · JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com


# ਇਨਸਾਫ ਦੀ ਜਿੱਤ ਹੋਈ; ਇਲਾਹਾਬਾਦ ਹਾਈ ਕੋਰਟ ਨੇ ਡਾ. ਕਫੀਲ ਖਾਨ ਤੋਂ ਐਨ ਐਸ ਏ ਹਟਾਇਆ

ਇਲਾਹਾਬਾਦ, 3 ਸਤੰਬਰ (ਪੋਸਟ ਬਿਊਰੋ)- ਇਲਾਹਾਬਾਦ ਹਾਈ ਕੋਰਟ ਨੇ ਡਾ. ਕਫੀਲ ਖਾਨ ਦੀ ਐਨ ਐਸ ਏ (ਕੌਮੀ ਸੁਰੱਖਿਆ ਐਕਟ) ਹੇਠ ਹਿਰਾਸਤ ਰੱਦ ਕਰ ਕੇ ਉਨ੍ਹਾਂ ਨੂੰ ਤੁਰੰਤ ਛੱਡਣ ਦੇ ਹੁਕਮ ਜਾਰੀ ਕੀਤੇ ਹਨ।

ਚੀਫ ਜਸਟਿਸ ਗੋਵਿੰਦ ਮਾਥੁਰ ਅਤੇ ਜਸਟਿਸ ਸੋਮਿੱਤਰ ਦਿਆਲ ਸਿੰਘ ਦੇ ਬੈਂਚ ਨੇ ਡਾ. ਕਫੀਲ ਦੀ ਮਾਂ ਨੁਜਹਤ ਪ੍ਰਵੀਨ ਦੀ ਅਪੀਲ 'ਤੇ ਇਹ ਹੁਕਮ ਦਿੱਤੇ ਹਨ। ਨੁਜਹਤ ਪ੍ਰਵੀਨ ਨੇ ਡਾ. ਕਫੀਲ ਦੀ ਰਿਹਾਈ ਦੀ ਮੰਗ ਕਰਦਿਆਂ ਇਹ ਦੋਸ਼ ਲਾਇਆ ਸੀ ਕਿ ਡਾ. ਕਫੀਲ ਨੂੰ ਫਰਵਰੀ ਵਿੱਚ ਇੱਕ ਯੋਗ ਅਦਾਲਤ ਨੇ ਜ਼ਮਾਨਤ ਦੇ ਦਿੱਤੀ ਅਤੇ ਉਸ ਨੂੰ ਛੱਡਿਆ ਜਾਣਾ ਸੀ, ਪਰ ਉਸ ਨੂੰ ਚਾਰ ਦਿਨ ਰਿਹਾਅ ਨਹੀਂ ਕੀਤਾ ਗਿਆ ਤੇ ਉਸ ਉੱਤੇ ਐਨ ਐਸ ਏ ਲਗਾ ਦਿੱਤਾ ਗਿਆ। ਇਸ ਲਈ



ਉਸ ਨੂੰ ਨਾਜਾਇਜ਼ ਹਿਰਾਸਤ ਵਿੱਚ ਰੱਖਿਆ ਗਿਆ ਸੀ। ਹਿਰਾਸਤ ਦਾ ਹੁਕਮ ਰੱਦ ਕਰ ਕੇ ਅਦਾਲਤ ਨੇ ਕਿਹਾ, 'ਇਸ ਵਿੱਚ ਅਸੀਂ ਦੇਖਿਆ ਕਿ ਕਾਰਨਾਂ ਨਾਲ ਸਬੰਧਤ ਕੜੀ ਗਾਇਬ ਹੈ ਜਾਂ ਪੂਰੀ ਟੁੱਟੀ ਹੋਈ ਹੈ। ਅਸਲ ਵਿੱਚ ਹਿਰਾਸਤ ਵਿੱਚ ਲੈਣ ਵਾਲੇ ਅਫਸਰਾਂ ਨੇ ਹਮਾਇਤ ਵਾਲੇ ਤੱਥਾਂ ਤੋਂ ਬਿਨਾਂ ਸ਼ੱਕ ਜ਼ਾਹਿਰ ਕੀਤਾ ਹੈ ਜਿਸ ਦਾ ਕੋਈ ਆਧਾਰ ਨਹੀਂ ਹੈ।'

ਕਾਂਗਰਸ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ ਨੇ ਇਲਾਹਾਬਾਦ ਹਾਈ ਕੋਰਟ ਵੱਲੋਂ ਡਾ ਕਫੀਲ ਖਾਨ ਦੀ ਰਿਹਾਈ ਦੇ ਹੁਕਮ ਦਿੱਤੇ ਜਾਣ ਤੋਂ ਬਾਅਦ ਉਮੀਦ ਜ਼ਾਹਰ ਕੀਤੀ ਹੈ ਕਿ ਯੂ ਪੀ ਪ੍ਰਸ਼ਾਸਨ ਕਫੀਲ ਨੂੰ ਬਿਨਾਂ ਕਿਸੇ ਦੇਰੀ ਦੇ ਰਿਹਾਅ ਕਰੇਗਾ। ਉਨ੍ਹਾਂ ਟਵੀਟ ਕੀਤਾ, 'ਅੱਜ ਇਲਾਹਾਬਾਦ ਹਾਈ ਕੋਰਟ ਨੇ ਡਾ. ਕਫੀਲ ਖਾਨ ਉਤੋਂ ਕੌਮੀ ਸੁਰੱਖਿਆ ਐਕਟ (ਐਨ ਐਸ ਏ) ਹਟਾ ਕੇ ਉਨ੍ਹਾਂ ਦੀ ਤੁਰੰਤ ਰਿਹਾਈ ਦੇ ਹੁਕਮ ਦਿੱਤੇ ਹਨ। ਆਸ ਹੈ ਕਿ ਯੂ ਪੀ ਸਰਕਾਰ ਡਾਕਟਰ ਕਫੀਲ ਨੂੰ ਬਿਨਾਂ ਕਿਸੇ ਰੰਜਿਸ਼ ਦੇ ਤੁਰੰਤ ਰਿਹਾਅ ਕਰੇਗੀ। ਇਸ ਦੇ ਬਾਅਦ ਦੇਰ ਰਾਤ ਗਏ ਡਾਕਟਰ ਕਫੀਲ ਨੂੰ ਜੇਲ੍ਹ ਤੋਂ ਰਿਹਾਅ ਵੀ ਕਰ ਦਿੱਤਾ ਗਿਆ ਅਤੇ ਉਹ ਆਪਣੇ ਘਰ ਚਲੇ ਗਏ ਹਨ।

ਦੂਸਰੇ ਪਾਸੇ ਦਿੱਲੀ ਹਾਈ ਕੋਰਟ ਨੇ ਉਤਰੀ-ਪੂਰਬੀ ਦਿੱਲੀ ਵਿੱਚ ਹੋਈ ਹਿੰਸਾ ਦੇ ਕੇਸ ਵਿੱਚ ਦੇਵਾਂਗਨਾ ਕਲੀਤਾ ਨੂੰ ਜ਼ਮਾਨਤ ਦੇ ਦਿੱਤੀ ਹੈ। ਅਦਾਲਤ ਨੇ ਕਿਹਾ ਕਿ ਪੁਲਸ ਇਹ ਦੱਸਣ ਤੋਂ ਅਸਫਲ ਰਹੀ ਹੈ ਕਿ ਦੇਵਾਂਗਨਾ ਨੇ ਕਿਸੇ ਖਾਸ ਫਿਰਕੇ ਦੀਆਂ ਔਰਤਾਂ ਨੂੰ ਭੜਕਾਇਆ ਜਾਂ ਕੋਈ ਨਫਰਤੀ ਭਾਸ਼ਣ ਦਿੱਤਾ। ਅਦਾਲਤ ਆਖਿਆ ਕਿ ਨਾਗਰਿਕਤਾ ਸੋਧ ਕਾਨੂੰਨ ਦੇ ਖਿਲਾਫ ਲੰਮਾ ਸਮਾਂ ਚੱਲਿਆ ਮੁਜ਼ਾਹਰਾ ਪ੍ਰਿੰਟ, ਇਲੈਕਟ੍ਰਾਨਿਕ ਮੀਡੀਆ ਤੋਂ ਬਿਨਾ ਪੁਲਸ ਵਿਭਾਗ ਦੇ ਕੈਮਰਿਆਂ ਦੀ ਨਿਗਰਾਨੀ ਵਿੱਚ ਰਿਹਾ, ਪਰ ਇਸ ਦਾ ਕੋਈ ਵੀ ਸਬੂਤ ਨਹੀਂ ਮਿਲਦਾ ਕਿ ਦੇਵਾਂਗਨਾ ਦੇ ਕਹਿਣ 'ਤੇ ਘਟਨਾ ਵਾਪਰੀ। ਅਦਾਲਤ ਨੇ ਕਲੀਤਾ ਨੂੰ 20,000 ਰੁਪਏ ਦੇ ਨਿੱਜੀ ਮੁਚੱਲਕੇ ਅਤੇ ਇੰਨੀ ਹੀ ਰਾਸ਼ੀ ਦੀ ਜ਼ਾਮਨੀ 'ਤੇ ਜ਼ਮਾਨਤ ਦਿੱਤੀ ਹੈ।

## ਤੁਰਕੀ ਦੇ ਰਾਸ਼ਟਰਪਤੀ ਦੇ ਦੋਵੇਂ ਬੇਟੇ ਆਈ ਐਸ ਦੀ ਕਰ ਰਹੇ ਨੇ ਹਿਮਾਇਤ



ਅੰਕਾਰਾ, 3 ਸਤੰਬਰ (ਪੋਸਟ ਬਿਊਰੋ)- ਤੁਰਕੀ ਦੇ ਰਾਸ਼ਟਰਪਤੀ ਰੈਸੇਪ ਤਈਯਪ ਐਰਦੋਗਨ ਦੇ ਦੋਵੇਂ ਬੇਟੇ ਅਹਨਟ ਅਤੇ ਬਿਲਾਲ ਇਸਲਾਮਿਕ ਸਟੇਟ (ਆਈ ਐਸ) ਦੀ ਖੁਲ੍ਹੇਆਮ ਸਪੋਰਟ ਕਰ ਰਹੇ ਹਨ। ਐਰਦੋਗਨ ਦਾ ਇੱਕ ਬੇਟਾ ਵਿਚੋਲਾ ਹੈ। ਉਸ ਨੇ ਅੱਤਵਾਦੀਆਂ ਤੋਂ ਪੈਸੇ ਖਾਧੇ ਹਨ। ਤੁਰਕੀ ਭਾਰਤ ਦੇ ਖ਼ਿਲਾਫ਼ ਕੰਮ ਲਈ ਪੈਸੇ ਦੇ ਰਿਹਾ ਅਤੇ ਸਾਜ਼ਿਸ਼ਾਂ ਰੱਚ ਰਿਹਾ ਹੈ ਜਿਸ ਦਾ ਭਾਰਤ ਨੂੰ ਸਬੂਤ ਮਿਲ ਚੁੱਕਾ ਹੈ।

ਫੌਜਾਂ, ਰਾਸ਼ਟਰੀ ਸੁਰੱਖਿਆ ਅਤੇ ਰਣਨੀਤੀ ਬਾਰੇ ਮਾਹਰ ਰਿਟਾਇਰਡ ਮੇਜਰ ਗੌਰਵ ਆਰੀਆ ਨੇ ਇੱਕ ਚੈਨਲ ਨਾਲ ਗੱਲਬਾਤ ਦੌਰਾਨ ਕਿਹਾ ਕਿ ਐਰਦੋਗਨ ਅਤੇ ਉਸ ਦਾ ਪਰਵਾਰ ਅੱਤਵਾਦ ਦੀ ਵਰਤੋਂ ਕਰ ਰਿਹਾ ਹੈ। ਉਹ ਕਸ਼ਮੀਰ ਬਾਰੇ ਚਾਹੇ ਜਿੰਨੇ ਵੀ ਗਾਣੇ ਰਿਲੀਜ਼ ਕਰ ਲੇਣ, ਕੁਝ ਨਹੀਂ ਹੋਣ ਵਾਲਾ। ਐਰਦੋਗਨ ਆਪਣੇ ਆਪ ਨੂੰ ਇਸਲਾਮਿਕ ਵਰਲਡ ਦਾ ਵਲਾਦੀਮੀਰ ਪੁਤਿਨ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਪਰ ਕੀ ਉਹ ਇੱਕ ਮਿਊਜ਼ਿਕ ਵੀਡੀਓ ਚਾਈਨਾ ਬਾਰੇ ਵੀ ਬਣਾ ਕੇ ਦਿਖਾ ਸਕਦਾ ਹੈ? ਉਨ੍ਹਾਂ ਨੇ ਸਖ਼ਤ ਸ਼ਬਦਾਂ ਦੀ ਵਰਤੋਂ ਕਰਦਿਆਂ ਕਿਹਾ ਕਿ ਚੀਨ ਨੇ ਭਾਰਤ ਦੇ ਖ਼ਿਲਾਫ਼ ਕੂੜ ਪ੍ਰਚਾਰ ਕਰਨ ਲਈ ਪੰਜ ਪਾਕਿ-ਸਤਾਨ, ਨਾਰਥ ਕੋਰੀਆ, ਤੁਰਕੀ, ਈਰਾਨ ਅਤੇ ਮਲੇਸ਼ੀਆ ਵਿੱਚ ਪਾਗਲ ਕੁੱਤੇ ਪਾਲ ਰੱਖੇ ਹਨ। ਤੁਰਕੀ ਕਸ਼ਮੀਰ ਵਿੱਚ ਮੁਸਲਮਾਨਾਂ ’ਤੇ ਹੋ ਰਹੇ ਕਥਿਤ ਜ਼ੁਲਮਾਂ ਦਾ ਪ੍ਰੋਪੇਗੰਡਾ ਕਰਦਾ ਹੈ ਪਰ ਉਸ ਨੇ ਖ਼ੁਦ 15 ਲੱਖ ਮੁਸਲਮਾਨਾਂ ਨੂੰ ਜੇਲ੍ਹ ਵਿੱਚ ਰੱਖਿਆ ਹੈ।

## ਕਲੀਨਿਕਲ ਟਰਾਇਲ ਵਿਚ ਗੰਭੀਰ ਮਰੀਜ਼ਾਂ ਲਈ ਸਟੀਰਾਇਡ ਜੀਵਨ ਦਾਇਕ ਸਾਬਤ ਹੋਇਆ

ਨਿਊਯਾਰਕ, 3 ਸਤੰਬਰ (ਪੋਸਟ ਬਿਊਰੋ)- ਕੌਮਾਂਤਰੀ ਪੱਧਰ ’ਤੇ ਹੋਏ ਕਲੀਨਿਕਲ ਟਰਾਇਲਸ ਵਿੱਚ ਇਹ ਗੱਲ ਪਤਾ ਲੱਗੀ ਹੈ ਕਿ ਪੂਰੀ ਦੁਨੀਆ ਵਿੱਚ ਆਸਾਨੀ ਨਾਲ ਮਿਲਦੀ ਅਤੇ ਸਸਤੀ ਦਵਾਈ ਸਟੀਰਾਇਡ ਕੋਰੋਨਾ ਦੇ ਗੰਭੀਰ ਮਰੀਜ਼ਾਂ ਲਈ ਲਾਹੇਵੰਦ ਹੋ ਸਕਦੀ ਹੈ। ਵਿਸ਼ਵ ਸਿਹਤ ਸੰਗਠਨ ਨੇ ਕੱਲ੍ਹ ਇਸ ਦੇ ਕਲੀਨਿਕਲ ਟਰਾਇਲ ਜਾਰੀ ਕਰਦੇ ਹੋਏ ਇਸ ਦਵਾਈ ਦੀ ਵਰਤੋਂ ਦੀ ਸਿਫ਼ਾਰਿਸ਼ ਕੀਤੀ ਹੈ।

ਇਸ ਬਾਰੇ ਡਬਲਯੂ ਐਚ ਓ ਨੇ ਆਪਣੀ ਸਿਫ਼ਾਰਿਸ਼ ਵਿੱਚ ਕਿਹਾ ਹੈ ਕਿ ਕੋਰੋਨਾ ਦੀ ਗੰਭੀਰ ਬੀਮਾਰੀ ਨਾਲ ਜੂਝ ਰਹੇ ਮਰੀਜ਼ ਦੇ ਇਲਾਜ ਲਈ ਸਟੀਰਾਇਡ ਮਦਦਗਾਰ ਹੈ ਤੇ ਪੂਰੀ ਦੁਨੀਆ ਵਿੱਚ ਇਸ ਦੀ ਵਰਤੋਂ ਇਲਾਜ ਲਈ ਕੀਤੀ ਜਾ ਸਕਦੀ ਹੈ। ਸਟੀਰਾਇਡ ਦੀ ਦਵਾਈ ਨਾਲ 1700 ਮਰੀਜ਼ਾਂ ’ਤੇ ਸੱਤ ਵੱਖ-ਵੱਖ ਥਾਵਾਂ ’ਤੇ ਤਿੰਨ ਦੇ ਟਰਾਇਲ ਕੀਤੇ ਗਏ ਹਨ ਅਤੇ ਟਰਾਇਲ ਦੇ ਨਤੀਜਿਆਂ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਤਿੰਨੇ ਟਰਾਇਲਸ ਵਿੱਚ ਵਰਤੋਂ ਕੀਤੀ ਗਈ ਦਵਾਈ ਨਾਲ ਮਰੀਜ਼ਾਂ ਦੀ ਮੌਤ ਦਾ ਜੋਖਮ ਘੱਟ ਹੋਇਆ ਹੈ।



ਇਸ ਬਾਰੇ ਇੱਕ ਸਾਇੰਸ ਜਨਰਲ ਦੀ ਸੰਪਾਦਕੀ ਵਿੱਚ ਲਿਖਿਆ ਗਿਆ ਹੈ ਕਿ ਇਹ ਖੋਜ ਕੋਰੋਨਾ ਦੇ ਮਰੀਜ਼ਾਂ ਦੇ ਇਲਾਜ ਦੀ ਦਿਸ਼ਾ ਵਿੱਚ ਅਹਿਮ ਕਦਮ ਹੈ। ਸੰਪਾਦਕੀ ਵਿੱਚ ਲਿਖਿਆ ਗਿਆ ਹੈ ਕਿ ਸਟੀਰਾਇਡ ਹੁਣ ਕੋਰੋਨਾ ਦੇ ਗੰਭੀਰ ਮਰੀਜ਼ਾਂ ਲਈ ਪਹਿਲੀ ਸਟੇਜ ਦਾ ਇਲਾਜ ਹੈ। ਫਿਲਹਾਲ ਗੰਭੀਰ ਰੂਪ ਨਾਲ ਬੀਮਾਰ ਮਰੀਜ਼ਾਂ ਲਈ ਹੁਣ ਤੱਕ ਰੇਮਡੀਸਿਵਰ ਦੀ ਵਰਤੋਂ ਕੀਤੀ ਜਾ ਰਹੀ ਸੀ। ਡੈਕਸਾਮੇਥਾਸੋਨ, ਹਾਈਡ੍ਰੋਕੋਰਟੀਸੋਨ ਅਤੇ ਮਿਥਿਲਪ੍ਰੇਡਨੀਸੋਲੋਨ ਨਾਂ ਦੇ ਸਟੀਰਾਇਡ ਦੁਨੀਆ ਭਰ ਦੇ ਡਾਕਟਰਾਂ ਵਲੋਂ ਰੋਗਾਂ ਨਾਲ ਲੜਨ ਦੀ ਸਮਰੱਥਾ ਨੂੰ ਵਧਾਉਣ, ਸੋਜ ਘੱਟ ਕਰਨ ਤੇ ਦਰਦ ਨਿਵਾਰਕ ਤੌਰ ’ਤੇ ਇਸਤੇਮਾਲ ਕੀਤੇ ਜਾਂਦੇ ਹਨ।

ਕੋਰੋਨਾ ਵਾਇਰਸ ਦੇ ਬਹੁਤੇ ਮਰੀਜ਼ ਕੋਰੋਨਾ ਦੇ ਕਾਰਨ ਨਹੀਂ, ਇਨਫੈਕਸ਼ਨ ਪ੍ਰਤੀ ਸਰੀਰ ਵੱਲੋਂ ਦਿੱਤੀ ਜਾਣ ਵਾਲੀ ਗੈਰ ਜ਼ਰੂਰੀ ਪ੍ਰਤੀਕਿਰਿਆ ਦੇ ਕਾਰਨ ਦਮ ਤੋੜ ਰਹੇ ਹਨ। ਕਲੀਨਿਕਲ ਟਰਾਇਲ ਦੇ ਡਾਟਾ ਵਿੱਚ ਇਹ ਗੱਲ ਪਤਾ ਲੱਗੀ ਹੈ ਕਿ ਜਿਨਾਂ ਮਰੀਜ਼ਾਂ ਨੂੰ ਦਵਾਈ ਵਜੋਂ ਸਟੀਰਾਇਡ ਦਿੱਤਾ ਗਿਆ, ਉਨ੍ਹਾਂ ਦੀ ਮੌਤ ਦਰ ਵਿੱਚ ਇੱਕ ਤਿਹਾਈ ਦੀ ਕਮੀ ਆਈ ਹੈ। ਇਨ੍ਹਾਂ ਵਿੱਚੋਂ ਡੈਕਸਾਮੇਥਾਸੋਨ ਦੇ ਸਟੀਰਾਇਡ ਦੀ ਵਰਤੋਂ ਨਾਲ ਬਿਹਤਰੀਨ ਨਤੀਜੇ ਮਿਲੇ ਹਨ। ਇਹ ਦਵਾਈ ਕੁਲ 1282 ਮਰੀਜ਼ਾਂ ਨੂੰ ਦਿੱਤੀ ਗਈ ਤੇ ਇਸ ਦੀ ਵਰਤੋਂ ਨਾਲ ਮੌਤ ਦਰ 36 ਫੀਸਦੀ ਡਿੱਗ ਗਈ। ਆਕਸਫੋਰਡ ਯੂਨੀਵਰਸਿਟੀ ਨੇ ਜੂਨ ਵਿੱਚ ਖ਼ੁਲਾਸਾ ਕੀਤਾ ਸੀ ਕਿ ਡੈਕਸਾਮੇਥਾਸੋਨ ਨਾਂ ਦੀ ਸਟੀਰਾਇਡ ਕੋਰੋਨਾ ਕਾਰਨ ਹੋ ਰਹੀਆਂ ਮੌਤਾਂ ਨੂੰ ਰੋਕਣ ਵਿੱਚ ਮਦਦਗਾਰ ਹੋ ਸਕਦੀ ਹੈ। ਖੋਜਕਰਤਾਵਾਂ ਦਾ ਮੰਨਣਾ ਹੈ ਕਿ ਹੋਰ ਸਸਤੇ ਸਟੀਰਾਇਡ ਵੀ ਇਸ ਦਿਸ਼ਾ ਵਿੱਚ ਕਾਰਗਰ ਸਿੱਧ ਹੋ ਸਕਦੇ ਹਨ।

## ਭਾਰਤ-ਚੀਨ ਗੱਲਬਾਤ ਬੇਸਿੱਟਾ ਰਹਿਣ ਪਿੱਛੋਂ ਇਲਾਕੇ ਦੀ ਸਥਿਤੀ ਸੰਵੇਦਨਸ਼ੀਲ

ਨਵੀਂ ਦਿੱਲੀ, 3 ਸਤੰਬਰ (ਪੋਸਟ ਬਿਊਰੋ)- ਪੈਂਗੋਂਗ ਝੀਲ ਇਲਾਕੇ ਵਿੱਚ ਚੀਨ ਦੀ ਕਾਰਵਾਈ ਦੇ ਨਾਲ ਬਣੇ ਤਣਾਅ ਪਿੱਛੋਂ ਕੱਲ੍ਹ ਪੂਰਬੀ ਲੱਦਾਖ ਵਿੱਚ ਦੋਵਾਂ ਧਿਰਾਂ ਦੀ ਫੌਜੀ ਕਮਾਂਡਰ ਪੱਧਰ ਦੀ ਗੱਲਬਾਤ ਹੋਈ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਤਣਾਅ ਘਟਾਉਣ ਲਈ ਦੋਵਾਂ ਦੇਸ਼ਾਂ ਦੀ ਫੌਜ ਨੇ ਚੁਸ਼ੂਲ ਵਿੱਚ ਬ੍ਰਿਗੇਡ ਕਮਾਂਡਰ ਪੱਧਰ ਦੀ ਗੱਲਬਾਤ ਕੀਤੀ ਸੀ, ਪਰ ਇਹ ਬੇਸਿੱਟਾ ਰਹੀ ਹੈ। ਦੋਵਾਂ ਧਿਰਾਂ ਦੀ ਕਰੀਬ ਸੱਤ ਘੰਟੇ ਗੱਲਬਾਤ ਹੋਈ। ਚੀਨੀ ਧਿਰ ਨੇ ਇਤਰਾਜ਼ ਕੀਤਾ ਕਿ ਭਾਰਤ ਨੇ ਖ਼ਿੱਤੇ ਵਿੱਚ ਕੁਝ ਰਣਨੀਤਕ ਚੋਟੀਆਂ ਉਤੇ ਕਬਜ਼ਾ ਕੀਤਾ ਹੈ, ਪਰ ਭਾਰਤੀ ਵਫਦ ਨੇ ਕਿਹਾ ਕਿ ਇਹ ਥਾਵਾਂ ਐਲ ਏ ਸੀ (ਲਾਈਨ ਆਫ ਐਕਚੂਅਲ ਕੰਟਰੋਲ) ਦੇ ਭਾਰਤ ਵਾਲੇ ਪਾਸੇ ਹਨ। ਭਾਰਤ ਨੇ ਕਿਹਾ ਕਿ ਸਰਹੱਦੀ ਵਿਵਾਦ ਉਹ ਗੱਲਬਾਤ ਨਾਲ ਨਜਿੱਠੇਗਾ, ਪਰ ਜੇ ਚੀਨ ਗੁਸਤਾਖੀ’ ਕਰੇ ਤਾਂ ਢੁੱਕਵਾਂ ਜਵਾਬ ਦਿੱਤਾ ਜਾਵੇਗਾ। ਏਦਾਂ ਦੀ ਗੱਲਬਾਤ ਸੋਮਵਾਰ ਤੇ ਮੰਗਲਵਾਰ ਵੀ ਹੋਈ ਸੀ, ਜਿਸ ਦਾ ਕੋਈ ਠੋਸ ਸਿੱਟਾ ਨਹੀਂ ਨਿਕਲਿਆ।

## ਚੀਨ ਨੇ ਕਿਹਾ: ਭਾਰਤ ਦਾ 1962 ਤੋਂ ਜ਼ਿਆਦਾ ਨੁਕਸਾਨ ਕਰਾਂਗੇ

ਸ਼ੰਘਾਈ, 3 ਸਤੰਬਰ (ਪੋਸਟ ਬਿਊਰੋ)- ਲੱਦਾਖ ਸਰਹੱਦ ’ਤੇ ਤਣਾਅ ਦੌਰਾਨ ਚੀਨ ਨੇ ਸਰਕਾਰੀ ਅਖ਼ਬਾਰ ਗਲੋਬਲ ਟਾਈਮਜ਼ ਦੇ ਸੰਪਾਦਕੀ ਵਿੱਚ ਭਾਰਤ ਨੂੰ ਧਮਕੀ ਦਿੱਤੀ ਹੈ ਕਿ ਭਾਰਤ ਜੇ ਚੀਨ ਨਾਲ ਉਲਝਿਆ ਤਾਂ ਉਸ ਨੂੰ 1962 ਤੋਂ ਵੀ ਜ਼ਿਆਦਾ ਫੌਜੀ ਨੁਕਸਾਨ ਉਠਾਉਣਾ ਪੈ ਸਕਦਾ ਹੈ।



ਦਰਅਸਲ 29-30 ਅਗਸਤ ਦੀ ਰਾਤ ਨੂੰ ਚੀਨੀ ਫੌਜ ਦੀ ਇੱਕ ਟੁਕੜੀ ਨੇ ਪੈਂਗੋਗ ਖੇਤਰ ਵਿੱਚ ਘੁਸਪੈਠ ਦੀ ਕੋਸ਼ਿਸ਼ ਕੀਤੀ ਸੀ, ਜਿਸ ਨੂੰ ਭਾਰਤੀ ਜਵਾਨਾਂ ਨੇ ਨਾਕਾਮ ਕਰ ਦਿੱਤਾ। ਇਸ ਪਿੱਛੋਂ ਗਲੋਬਲ ਟਾਈਮਜ਼ ਨੇ ਲਿਖਿਆ ਹੈ ਕਿ ਇਸ ਵਾਰ ਭਾਰਤੀ ਫੌਜੀਆਂ ਨੇ ਉਕਸਾਉਣ ਵਾਲੀ ਕਾਰਵਾਈ ਕੀਤੀ। ਭਾਰਤ ਦਾ ਚੀਨ ਨਾਲ ਕੋਈ ਮੁਕਾਬਲਾ ਨਹੀਂ ਹੈ। ਚੀਨ ਭਾਰਤ ਤੋਂ ਕਈ ਗੁਣਾ ਵੱਧ ਤਾਕਤਵਰ ਹੈ। ਭਾਰਤ ਨੂੰ ਇਸ ਭੁਲੇਖੇ ਵਿੱਚ ਨਹੀਂ ਰਹਿਣਾ ਚਾਹੀਦਾ ਕਿ ਇਸ ਮੁੱਦੇ ’ਤੇ ਅਮਰੀਕਾ ਉਸ ਦਾ ਸਾਥ ਦੇਵੇਗਾ। ਜੇ ਭਾਰਤੀ ਫੌਜ ਨੇ ਕੋਈ ਕਾਰਵਾਈ ਕੀਤੀ ਤਾਂ ਪੀਪਲਜ਼ ਲਿਬਰੇਸ਼ਨ ਆਰਮੀ (ਪੀ ਐਲ ਏ) ਉਸ ਦਾ 1962 ਤੋਂ ਵੀ ਜ਼ਿਆਦਾ ਨੁਕਸਾਨ ਕਰੇਗੀ।

ਚੀਨ ਦੀ ਸੱਤਾਧਾਰੀ ਕਮਿਊਨਿਸਟ ਪਾਰਟੀ ਦੇ ਮੁੱਖ ਅਖ਼ਬਾਰ ਨੇ ਕਿਹਾ ਕਿ ਲੱਗਦਾ ਹੈ ਕਿ ਭਾਰਤ ਨੇ ਗਲਵਾਨ ਘਾਟੀ ਦੀ ਘਟਨਾ ਤੋਂ ਸਬਕ ਨਹੀਂ ਸਿਖਿਆ। ਚੀਨ ਸਰਹੱਦੀ ਵਿਵਾਦ ਦਾ ਸ਼ਾਂਤੀ ਪੂਰਨ ਹੱਲ ਚਾਹੁੰਦਾ ਹੈ, ਪ੍ਰੰਤੂ ਭਾਰਤ ਸਰਕਾਰ ਲਗਾਤਾਰ ਉਕਸਾਉਣ ਵਾਲੀ ਕਾਰਵਾਈ ਕਰ ਰਹੀ ਹੈ। ਜੇ ਜ਼ਰੂਰੀ ਹੋਇਆ ਤਾਂ ਚੀਨ ਫੌਜੀ ਕਾਰਵਾਈ ਕਰਨ ਤੋਂ ਵੀ ਨਹੀਂ ਹਿਚਕ-ੇਗਾ। ਚੀਨੀ ਅਖ਼ਬਾਰ ਦਾ ਕਹਿਣਾ ਹੈ ਕਿ ਪੈਂਗੋਗ ਝੀਲ ਦੇ ਦੱਖਣੀ ਹਿੱਸੇ ’ਤੇ ਚੀਨ ਦਾ ਕੰਟਰੋਲ ਹੈ। ਭਾਰਤ ਇਸ ਨੂੰ ਨਵਾਂ ਵਿਵਾਦਤ ਖੇਤਰ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਤਾਂ ਕਿ ਵਾਰਤਾ ਦੌਰਾਨ ਇਸ ’ਤੇ ਸੌਦੇਬਾਜ਼ੀ ਕਰ ਸਕੇ। ਅਖ਼ਬਾਰ ਅਨੁਸਾਰ ਸਰਹੱਦੀ ਖੇਤਰ ਵਿੱਚ ਸਥਿਰਤਾ ਦੀ ਥਾਂ ਭਾਰਤ ਨੇ ਹਮਲਾਵਰ ਰਵੱਈਆ ਅਪਣਾ ਰੱਖਿਆ ਹੈ।

## ਸ਼ਾਰਲੀ ਹੈਬਦੋ ਨੇ ਪੈਗੰਬਰ ਮੁਹੰਮਦ ਦਾ ਕਾਰਟੂਨ ਫਿਰ ਛਾਪਿਆ




ਪੈਰਿਸ, 3 ਸਤੰਬਰ (ਪੋਸਟ ਬਿਊਰੋ)- ਫਰਾਂਸ ਦੀ ਵਿਅੰਗਮਈ ਹਫਤਾਵਾਰੀ ਪੱਤ੍ਰਿਕਾ ਸ਼ਾਰਲੀ ਹੈਬਦੋ ਪੈਗੰਬਰ ਮੁਹੰਮਦ ਦਾ ਵਿਵਾਦ ਗ੍ਰਸਤ ਕਾਰਟੂਨ ਫਿਰ ਛਾਪ ਰਹੀ ਹੈ। ਇਸ ਪੱਤ੍ਰਿਕਾ ਨੇ 2006 ਵਿੱਚ ਵੀ ਮੁਹੰਮਦ ਸਾਹਿਬ ਦਾ ਵਿਵਾਦ ਗ੍ਰਸਤ ਕਾਰਟੂਨ ਪ੍ਰਕਾਸ਼ਿਤ ਕੀਤਾ ਸੀ, ਜਿਸ ਪਿੱਛੋਂ 2015 ਵਿੱਚ ਅੱਤਵਾਦੀਆਂ ਨੇ ਉਸ ਦੇ ਦਫਤਰ ’ਤੇ ਹਮਲਾ ਕੀਤਾ ਸੀ। ਇਸ ਹਮਲੇ ਸਬੰਧੀ ਬੁੱਧਵਾਰ ਤੋਂ ਸੁਣਵਾਈ ਸ਼ੁਰੂ ਹੋਣ ਮੌਕੇ ਪੱਤ੍ਰਿਕਾ ਨੇ ਕਾਰਟੂਨ ਫਿਰ ਛਾਪ ਦਿੱਤਾ ਹੈ।

ਸ਼ਾਰਲੀ ਹੈਬਦੋ ਦੇ ਨਵੇਂ ਅੰਕ ਵਿੱਚ ਦਰਜਨਾਂ ਕਾਰਟੂਨ ਛਾਪੇ ਗਏ ਅਤੇ ਇਸ ’ਚ ਮੁਹੰਮਦ ਸਾਹਿਬ ਦਾ ਵਿਵਾਦਤ ਕਾਰਟੂਨ ਵੀ ਹੈ। ਇਸ ਦਾ ਸਿਰਲੇਖ ‘ਇਹ ਸਭ, ਬੱਸ ਉਸ ਲਈ’ ਦਿੱਤਾ ਗਿਆ ਹੈ। ਪੱਤ੍ਰਿਕਾ ਦੇ ਸੰਪਾਦਕ ਲੋਰੈਂਟ ਰਿੰਸ ਸੌਰੀਸਯੂ ਨੇ ਇੱਕ ਨੋਟ ’ਚ ਕਿਹਾ ਕਿ ਇਤਿਹਾਸ ਨੂੰ ਨਾ ਦੁਬਾਰਾ ਲਿਖਿਆ ਜਾ ਸਕਦਾ ਹੈ ਤੇ ਨਾ ਮਿਟਾਇਆ ਜਾ ਸਕਦਾ ਹੈ। ਪੈਗੰਬਰ ਮੁਹੰਮਦ ਦਾ ਵਿਵਾਦਤ ਕਾਰਟੂਨ ਸਭ ਤੋਂ ਪਹਿਲਾਂ 2005 ’ਚ ਡੈਨਮਾਰਕ ਦੇ ਇੱਕ ਅਖਬਾਰ ਨੇ ਛਾਪਿਆ ਸੀ। ਓਦੋਂ ਵੀ ਦੁਨੀਆ ਭਰ ’ਚ ਹਿੰਸਕ ਵਿਰੋਧ ਮੁਜ਼ਾਹਰੇ ਹੋਏ ਸਨ। ਉਸ ਤੋਂ ਇੱਕ ਸਾਲ ਬਾਅਦ ਸ਼ਾਰਲੀ ਹੈਬਦੋ ਨੇ ਇਹ ਕਾਰਟੂਨ ਛਾਪਿਆ। ਮੁਹੰਮਦ ਸਾਹਿਬ ਦਾ ਕਾਰਟੂਨ ਛਾਪਣ ’ਤੇ ਸੱਤ ਜਨਵਰੀ 2015 ਨੂੰ ਸ਼ਾਰਲੀ ਹੈਬਦੋ ਦੇ ਪੈਰਿਸ ਦੇ ਦਫਤਰ ’ਤੇ ਤਿੰਨ ਅੱਤਵਾਦੀਆਂ ਨੇ ਅੰਨ੍ਹੇਵਾਹ ਫਾਇਰਿੰਗ ਕਰ ਕੇ 12 ਲੋਕਾਂ ਨੂੰ ਮਾਰ ਦਿੱਤਾ ਸੀ। ਮ੍ਰਿਤਕਾਂ ’ਚ ਕਾਰਟੂਨ ਬਣਾਉਣ ਵਾਲੇ ਜੀਨ ਕਾਬੂਟ ਵੀ ਸ਼ਾਮਲ ਸਨ। ਉਸ ਮੌਕੇ ਤਿੰਨੇ ਅੱਤਵਾਦੀ ਵੀ ਮਾਰੇ ਗਏ ਸਨ। ਇਸ ਪੱਤ੍ਰਿਕਾ ਦੇ ਦਫਤਰ ’ਤੇ ਹਮਲੇ ਦੇ ਤਿੰਨ ਦਿਨ ਬਾਅਦ ਦੋ ਅੱਤਵਾਦੀਆਂ ਨੇ ਇੱਕ ਸੁਪਰ ਮਾਰਕੀਟ ’ਤੇ ਵੀ ਹਮਲਾ ਕੀਤਾ ਸੀ, ਜਿਸ ਵਿੱਚ ਇੱਕ ਮਹਿਲਾ ਤੇ ਦੋ ਅੱਤਵਾਦੀਆਂ ਸਮੇਤ 14 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਦੀ ਸਜ਼ਾ ’ਤੇ ਅੱਜ ਸੁਣਵਾਈ ਸ਼ੁਰੂ ਹੋ ਰਹੀ ਹੈ ਤੇ ਇਨ੍ਹਾਂ ਖਿਲਾਫ ਲੋਕ ਸਮਰਥਨ ਜੁਟਾਉਣ ਲਈ ਪੱਤ੍ਰਿਕਾ ਨੇ ਕਾਰਟੂਨ ਨੂੰ ਫਿਰ ਪ੍ਰਕਾਸ਼ਿਤ ਕਰਨ ਦਾ ਫੈਸਲਾ ਕੀਤਾ ਹੈ। ਪੱਤ੍ਰਿਕਾ ਨੇ ਇਸ ਹਫਤੇ ਕਾਰਟੂਨ ਨਾਲ ਆਪਣੇ ਸੰਪਾਦਕੀ ਵਿੱਚ ਲਿਖਿਆ, ‘ਅਸੀਂ ਹਮਲੇ ਤੋਂ ਬਾਅਦ ਮੁਹੰਮਦ ਦਾ ਕਾਰਟੂਨ ਨਾ ਛਾਪਣ ਦਾ ਫੈਸਲਾ ਕੀਤਾ ਸੀ, ਪਰ ਮਾਮਲੇ ਦੀ ਸੁਣਵਾਈ ਸ਼ੁਰੂ ਹੋਣ ਕਾਰਨ ਜ਼ਰੂਰੀ ਹੋਣ ਉੱਤੇ ਅਜਿਹਾ ਕੀਤਾ ਹੈ।’

## ਆਸਟਰੇਲੀਆਈ ਪੱਤਰਕਾਰ ਨੂੰ ਚੀਨ ਨੇ ਹਿਰਾਸਤ ਵਿੱਚ ਲਿਆ



ਕੈਨਬਰਾ, 3 ਸਤੰਬਰ (ਪੋਸਟ ਬਿਊਰੋ)- ਚੀਨ ਦੀ ਜੰਮਪਲ ਅਤੇ ਸੀ ਜੀ ਟੀ ਐਨ ਲਈ ਕੰਮ ਕਰਦੀ ਆਸਟਰੇਲੀਅਨ ਪੱਤਰਕਾਰ ਨੂੰ ਚੀਨ ਵਿੱਚ ਹਿਰਾਸਤ ਵਿੱਚ ਲੈ ਲਿਆ ਗਿਆ ਹੈ।

ਸੀ ਜੀ ਟੀ ਐਨ ਚੀਨੀ ਕੇਂਦਰੀ ਟੈਲੀਵਿਜ਼ਨ ਦਾ ਅੰਗਰੇਜ਼ੀ ਭਾਸ਼ਾ ਚੈਨਲ ਹੈ। ਚੀਨ ਵਿਚ ਹਿਰਾਸਤ ਬਾਰੇ ਜਾਣਕਾਰੀ ਆਸਟੇਰਲੀਆ ਦੀ ਸਰਕਾਰ ਨੇ ਦਿੱਤੀ ਹੈ। ਆਸਟਰੇਲੀਆਈ ਅਧਿਕਾਰੀਆਂ ਨੇ ਵੀਡੀਓ ਲਿੰਕ ਰਾਹੀਂ ਉਸ ਤੱਕ ਕੌਂਸਲਰ ਸੰਪਰਕ ਕਾਇਮ ਕੀਤਾ ਹੈ। ਅਥਾਰਟੀ ਨੇ ਕਿਹਾ ਕਿ ਉਨ੍ਹਾਂ ਨੂੰ ਨਹੀਂ ਪਤਾ ਕਿ ਚੇਂਗ ਲਈ ਨੂੰ ਕਿਉਂ ਹਿਰਾਸਤ ਵਿੱਚ ਲਿਆ ਗਿਆ ਹੈ, ਪਰ ਉਹ ਉਸ ਨੂੰ ਮਦਦ ਦੇਣੀ ਜਾਰੀ ਰੱਖਣਗੇ। ਚੇਂਗ ਦਾ ਪਰਿਵਾਰ ਮੈਲਬੋਰਨ ਵਿੱਚ ਹੈ। ਮਿਲੇ ਵੇਰਵਿਆਂ ਮੁਤਾਬਕ ਜਿਸ ਕਾਨੂੰਨ ਤਹਿਤ ਮਹਿਲਾ ਪੱਤਰਕਾਰ ਨੂੰ ਗ੍ਰਿਫਤਾਰ ਕੀਤਾ ਹੈ, ਉਸ ਹੇਠ ਕਿਸੇ ਨੂੰ ਵੀ ਬਿਨਾਂ ਗ੍ਰਿਫਤਾਰੀ ਛੇ ਮਹੀਨੇ ਸ਼ੱਕ ਦੇ ਆਧਾਰ ’ਤੇ ਹਿਰਾਸਤ ਵਿੱਚ ਪੁੱਛ ਗਿੱਛ ਲਈ ਰੱਖਿਆ ਜਾ ਸਕਦਾ ਹੈ।

## ਹਰ ਚਾਰ ਵਿੱਚੋਂ ਇੱਕ ਬਾਲਗ ਟੀਕਾ ਨਹੀਂ ਲਗਵਾਉਣਾ ਚਾਹੁੰਦਾ

ਪੇਈਚਿੰਗ, 3 ਸਤੰਬਰ (ਪੋਸਟ ਬਿਊਰੋ)- ਗਲੋਬਲ ਸਰਵੇ ’ਚ ਇੱਕ ਹੈਰਾਨ ਕਰਨ ਵਾਲਾ ਤੱਥ ਸਾਹਮਣੇ ਆਇਆ ਹੈ। ਇਸ ਮੁਤਾਬਕ ਸੰਸਾਰਕ ਪੱਧਰ ’ਤੇ ਹਰ ਚਾਰ ਵਿੱਚੋਂ ਇੱਕ ਬਾਲਗ ਕੋਰੋਨਾ ਦਾ ਟੀਕਾ ਨਹੀਂ ਲਵਾਉਣਾ ਚਾਹੁੰਦਾ। ਇਸਦੇ ਪਿੱਛੇ ਦਾ ਕਾਰਨ ਟੀਕਾਕਰਨ ਤੋਂ ਬਾਅਦ ਹੋਣ ਵਾਲੇ ਸਾਈਡ ਇਫੈਕਟਸ ਦੀ ਸ਼ੰਕਾ ਹੈ।




ਸੰਸਾਰਕ ਖੋਜ ਸੰਸਥਾ ਇਪਸਾਸ ਨੇ ਵਿਸ਼ਵ ਆਰਥਿਕ ਮੰਚ ਲਈ 27 ਦੇਸ਼ਾਂ ’ਚ ਇਹ ਸਰਵੇ ਕੀਤਾ ਹੈ। ਸਰਵੇ ’ਚ 20,000 ਲੋਕਾਂ ਨੂੰ ਸ਼ਾਮਲ ਕੀਤਾ ਗਿਆ। ਇਸ ਪਿੱਛੋਂ ਸੰਸਥਾ ਨੇ ਲੋਕਾਂ ਨੂੰ ਕੋਰੋਨਾ ਵੈਕਸੀਨ ਅਤੇ ਟੀਕਾਕਰਨ ਸਬੰਧੀ ਸਵਾਲ ਪੁੱਛੇ। ਇਸ ਦੌਰਾਨ ਲੱਗਭਗ 74 ਫੀਸਦੀ ਲੋਕਾਂ ਨੇ ਕਿਹਾ ਕਿ ਉਹ ਵੈਕਸੀਨ ਲਗਵਾਉਣਾ ਚਾਹੁੰਣਗੇ। ਇਸ ਸਰਵੇ ’ਚ ਸੰਸਥਾ ਨੇ ਭਾਰਤ ਦੇ ਲੋਕਾਂ ਨੂੰ ਚੀਨ ਅਤੇ ਸਾਊਦੀ ਅਰਬ ਤੋਂ ਬਾਅਦ ਤੀਸਰੀ ਸਭ ਤੋਂ ਵੱਡੀ ਆਸ਼ਾਵਾਦੀ ਸੋਚ ਵਾਲੀ ਆਬਾਦੀ ਦੀ ਸ਼੍ਰੇਣੀ ’ਚ ਰੱਖਿਆ ਹੈ ਜਿਸ ਦੇ ਮੁਤਾਬਕ 2020 ’ਚ ਕੋਰੋਨਾ ਦੀ ਵੈਕਸੀਨ ਆ ਜਾਏਗੀ। ਸਰਵੇ ’ਚ ਪਾਇਆ ਗਿਆ ਕਿ ਚੀਨ ਦੇ 97 ਫੀਸਦੀ, ਬ੍ਰਾਜ਼ੀਲ ਦੇ 88, ਆਸਟ੍ਰੇਲੀਆ ਦੇ 88 ਅਤੇ ਭਾਰਤ ਦੇ 87 ਫੀਸਦੀ ਲੋਕ ਟੀਕਾਕਰਨ ਕਰਾਉਣਾ ਚਾਹੁੰਦੇ ਹਨ। ਇਹ ਗਿਣਤੀ ਦੁਨੀਆ ਦੇ ਹੋਰਨਾਂ ਦੇਸ਼ਾਂ ਦੇ ਮੁਕਾਬਲੇ ਜ਼ਿਆਦਾ ਹੈ। ਟੀਕਾਕਰਨ ਨਾਲ ਸਾਈਡ ਇਫੈਕਟਸ ਦੀ ਸ਼ੰਕਾ ਪ੍ਰਗਟ ਕਰ ਕੇ ਰੂਸ ਦੇ 54 ਫੀਸਦੀ, ਪੋਲੈਂਡ ਦੇ 56 ਫੀਸਦੀ, ਹੰਗਰੀ ਦੇ 56 ਫੀਸਦੀ ਤੇ ਫਰਾਂਸ 59 ਫੀਸਦੀ ਲੋਕ ਟੀਕਾਕਰਨ ਕਰਵਾਉਣਾ ਚਾਹੁੰਦੇ ਹਨ। ਇਸ ਸਰਵੇ ’ਚ ਅਮਰੀਕਾ, ਮਲੇਸ਼ੀਆ, ਕੈਨੇਡਾ, ਤੁਰਕੀ, ਦੱਖਣ ਅਫਰੀਕਾ, ਦੱਖਣ ਕੋਰੀਆ, ਪੇਰੂ, ਅਰਜਨਟੀਨਾ, ਨੀਦਰਲੈਂਡ, ਸਵੀਡਨ, ਮੈਕਸੀਕੋ, ਸਪੇਨ ਅਤੇ ਇਟਲੀ ਵੀ ਸ਼ਾਮਲ ਹਨ।

## ਬਿਨਾਂ ਕੰਟਰੋਲ ਦੇ ਚੀਜ਼ਾਂ ਨੂੰ ਖੋਲ੍ਹਣਾ ਤਬਾਹੀ ਨੂੰ ਸੱਦਾ ਦੇਣ ਵਾਂਗ: ਡਬਲਯੂ ਐਚ ਓ

ਜਨੇਵਾ, 3 ਸਤੰਬਰ (ਪੋਸਟ ਬਿਊਰੋ)- ਵਿਸ਼ਵ ਸਿਹਤ ਸੰਗਠਨ (ਡਬਲਿਯੂ ਐਚ ਓ) ਦੇ ਡਾਇਰੈਕਟਰ ਜਨਰਲ ਟ੍ਰੇਡੋਸ ਅਧਾਨੋਮ ਗੇਬ੍ਰੇਸਸ ਨੇ ਕਿਹਾ ਹੈ ਕਿ ਉਹ ਬੱਚਿਆਂ ਨੂੰ ਸਕੂਲਾਂ ਵਿੱਚ ਮੁੜਦੇ ਤੇ ਲੋਕਾਂ ਨੂੰ ਕੰਮ ਉੱਤੇ ਜਾਂਦੇ ਦੇਖਣਾ ਚਾਹੁੰਦੇ ਹਨ, ਪਰ ਇਸ ਬਾਰੇ ਕਿਸੇ ਵੀ ਦੇਸ਼ ਦਾ ਵਤੀਰਾ ਇਹ ਨਹੀਂ ਹੋਣਾ ਚਾਹੀਦਾ ਕਿ ਮਹਾਮਾਰੀ ਖ਼ਤਮ ਹੋ ਗਈ ਹੋਵੇ।

ਕੱਲ੍ਹ ਜਨੇਵਾ ਵਿੱਚ ਇੱਕ ਵਰਚੂਅਲ ਪ੍ਰੈਸ ਕਾਨਫਰੰਸ ਵਿੱਚ ਬੋਲਦੇ ਹੋਏ ਉਨ੍ਹਾਂ ਨੇ ਕਿਹਾ ਕਿ ਜੇ ਕੋਈ ਦੇਸ਼ ਸਥਿਤੀ ਨੂੰ ਆਮ ਕਰਨ ਲਈ ਸਚਮੁੱਚ ਗੰਭੀਰ ਹੈ ਤਾਂ ਉਸ ਨੂੰ ਵਾਇਰਸ ਦੇ ਫੈਲਾਅ ਉੱਤੇ ਰੋਕ ਲਾਉਣੀ ਹੋਵੇਗੀ ਅਤੇ ਜ਼ਿੰਦਗੀਆਂ ਬਚਾਉਣੀਆਂ ਹੋਣਗੀਆਂ। ਟ੍ਰੇਡੋਸ ਨੇ ਕਿਹਾ ਕਿ ਬਿਨਾਂ ਕਿਸੇ ਕੰਟਰੋਲ ਦੇ ਚੀਜ਼ਾਂ ਨੂੰ ਖੋਲ੍ਹਣਾ ਤਬਾਹੀ ਨੂੰ ਸੱਦਾ ਦੇਣ ਵਾਂਗ ਹੈ। ਉਨ੍ਹਾਂ ਚਾਰ ਖਾਸ ਗੱਲਾਂ ਉੱਤੇ ਜੋਰ ਦਿੱਤਾ, ਜਿਵੇਂ ਵੱਡੇ ਪੈਮਾਨੇ ਉੱਤੇ ਕੀਤੇ ਜਾਣ ਵਾਲੇ ਸਮਾਰੋਹਾਂ ਉੱਤੇ ਰੋਕ, ਲੋਕਾਂ ਵੱਲੋਂ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣਾ, ਪੀੜਤਾਂ ਦਾ ਪਤਾ ਲਾਉਣ ਲਈ ਸਰਕਾਰ ਵੱਲੋਂ ਯੋਗ ਕਦਮ ਚੁੱਕਣਾ, ਉਨ੍ਹਾਂ ਨੂੰ ਲੱਭ ਕੇ ਆਈਸੋਲੇਟ ਕਰਨਾ, ਜਾਂਚ ਕਰਨਾ, ਦੇਖਭਾਲ ਅਤੇ ਕਿਸੇ ਦੇ ਇਨਫੈਕਟਿਡ ਹੋਣ ਬਾਰੇ ਨਜ਼ਰ ਰੱਖਣਾ। ਉਨ੍ਹਾਂ ਕਿਹਾ ਕਿ ਡਬਲਯੂ ਐਚ ਓ ਦੇਸ਼ਾਂ ਨਾਲ ਮਿਲਕੇ ਉਨ੍ਹਾਂ ਨੂੰ ਆਪਣਾ ਸਹਿਯੋਗ ਜਾਰੀ ਰੱਖੇਗਾ।

## ਅਦਾਲਤ ਪਿੱਛੋਂ ਇਮਰਾਨ ਸਰਕਾਰ ਨੇ ਵੀ ਸ਼ਰੀਫ਼ ਨੂੰ ਦੇਸ਼ ਪਰਤਣ ਲਈ ਕਿਹਾ

ਇਸਲਾਮਾਬਾਦ, 3 ਸਤੰਬਰ (ਪੋਸਟ ਬਿਊਰੋ)- ਇਸਲਾਮਾਬਾਦ ਹਾਈ ਕੋਰਟ ਵੱਲੋਂ ਪਾਕਿ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੂੰ 10 ਸਤੰਬਰ ਤੱਕ ਦੇਸ਼ ਵਾਪਸ ਆ ਕੇ ਆਤਮ ਸਮਰਪਣ ਕਰਨ ਦੇ ਆਦੇਸ਼ ਦੇਣ ਤੋਂ ਬਾਅਦ ਇਸ ਦੇਸ਼ ਦੀ ਸਰਕਾਰ ਨੇ ਵੀ ਸ਼ਰੀਫ਼ ਨੂੰ ਲੈ ਕੇ ਇਹੋ ਜਿਹੀ ਟਿੱਪਣੀ ਕੀਤੀ ਹੈ।



ਇਮਰਾਨ ਖ਼ਾਨ ਦੀ ਸਰਕਾਰ ਨੇ ਪੀ ਐਮ ਐਲ-ਐਨ ਦੇ ਮੁਖੀ ਨਵਾਜ਼ ਸ਼ਰੀਫ਼ ਨੂੰ ਲੰਡਨ ਤੋਂ ਵਾਪਸ ਆ ਕੇ ਨਿਆਂ ਦਾ ਸਾਹਮਣਾ ਕਰਨ ਲਈ ਕਿਹਾ ਹੈ। ਮੰਤਰੀ ਮੰਡਲ ਦੀ ਬੈਠਕ ਤੋਂ ਬਾਅਦ ਪ੍ਰੈਸ ਕਾਨਫਰੰਸ ’ਚ ਇੱਕ ਸਵਾਲ ਦਾ ਜਵਾਬ ਦਿੰਦਿਆਂ ਸੂਚਨਾ ਮੰਤਰੀ ਸ਼ਿਬਲੀ ਫਰਾਜ਼ ਨੇ ਕਿਹਾ ਕਿ ਸ਼ਰੀਫ਼ ਨੂੰ ਦੇਸ਼ ਵਾਪਸ ਆਉਣਾ ਚਾਹੀਦਾ ਅਤੇ ਅਦਾਲਤ ’ਚ ਪੇਸ਼ ਹੋ ਕੇ ਸਵਾਲਾਂ ਦੇ ਜਵਾਬ ਦੇਣੇ ਚਾਹੀਦੇ ਹਨ। ਫ਼ਰਾਜ਼ ਨੇ ਕਿਹਾ ਕਿ ਸੋਸ਼ਲ ਮੀਡੀਆ ’ਤੇ ਅਪਲੋਡ ਕੀਤੀਆਂ ਤਸਵੀਰਾਂ ਤੋਂ ਜ਼ਾਹਰ ਹੈ ਕਿ ਸ਼ਰੀਫ਼ ਦੀ ਸਿਹਤ ਠੀਕ ਹੈ। ਉਨ੍ਹਾਂ ਨੂੰ ਲੰਡਨ ਦੇ ਇੱਕ ਰੈਸਟੋਰੈਂਟ ’ਚ ਸੈਰ ਕਰਦਿਆਂ ਤੇ ਖਾਣਾ ਖਾਂਦਿਆਂ ਦੇਖਿਆ ਗਿਆ ਹੈ।

## ਛੁਟੀਆਂ ਖਤਮ, ਪੜ੍ਹਾਈ ਸ਼ੁਰੂ; ਬ੍ਰਿਟੇਨ, ਰੂਸ, ਫਰਾਂਸ ਸਮੇਤ ਕਈ ਦੇਸ਼ਾਂ ਵਿੱਚ ਫਿਰ ਸਕੂਲ ਖੁੱਲ੍ਹੇ

ਲੰਡਨ, 3 ਸਤੰਬਰ (ਪੋਸਟ ਬਿਊਰੋ)- ਬ੍ਰਿਟੇਨ, ਰੂਸ, ਯੂਕਰੇਨ, ਫਰਾਂਸ ਤੇ ਜਾਰਡਨ ਸਮੇਤ ਦੁਨੀਆ ਦੇ ਕਈ ਦੇਸ਼ਾਂ ਵਿੱਚ ਕੱਲ੍ਹ ਸਕੂਲ ਦੋਬਾਰਾ ਖੁੱਲ੍ਹ ਗਏ। ਕੋਰੋਨਾ ਕਾਰਨ ਬਹੁਤੇ ਦੇਸ਼ਾਂ ਵਿੱਚ ਇਹ ਸਕੂਲ ਮਾਰਚ ਤੋਂ ਬੰਦ ਸਨ।

ਬ੍ਰਿਟੇਨ ਦੇ ਸਿੱਖਿਆ ਮੰਤਰੀ ਗੈਵਿਨ ਵਿਲੀਅਮਜ਼ ਨੇ ਕਿਹਾ, ‘ਦੇਸ਼ ਵਿੱਚ ਸਕੂਲ ਖੁੱਲ੍ਹ ਗਏ ਹਨ। ਅਸੀਂ ਕੋਰੋਨਾ ਦੀਆਂ ਚੁਣੌਤੀਆਂ ਨੂੰ ਘੱਟ ਨਹੀਂ ਗਿਣਦੇ, ਪਰ ਇਸ ਗੱਲ ਨੂੰ ਵੀ ਸਮਝਣਾ ਚਾਹੀਦਾ ਹੈ ਕਿ ਬੱਚਿਆਂ ਦਾ ਸਕੂਲ ਜਾਣਾ ਵੀ ਕਿੰਨਾ ਜ਼ਰੂਰੀ ਹੈ। ਇਹ ਬੱਚਿਆਂ ਦੇ ਭਵਿੱਖ ਦਾ ਸਵਾਲ ਹੈ। ਸਰਕਾਰ ਵਿਦਿਆਰਥੀਆਂ ਨੂੰ ਸਕੂਲ ਜਾਣ ਦੇ ਲਈ ਸਾਈਕਲ ਜਾਂ ਸਕੂਟਰ ਦੇ ਇਸਤੇਮਾਲ ’ਤੇ ਜ਼ੋਰ ਦੇ ਰਹੀ ਹੈ। ਇਸ ਦੇ ਨਾਲ ਸਥਾਨਕ ਟਰਾਂਸਪੋਰਟ ਵਿਭਾਗ ਨੂੰ ਵਾਧੂ 393 ਕਰੋੜ ਰੁਪਏ ਦੀ ਮਦਦ ਰਾਸ਼ੀ ਦਿੱਤੀ ਗਈ ਹੈ। ਇਹ ਰਕਮ ਸਕੂਲੀ ਵਿਦਿਆਰਥੀਆਂ ਦੀ ਟਰਾਂਸਪੋਰਟ ਸਹੂਲਤ ’ਤੇ ਖਰਚੀ ਜਾਏਗੀ। ਸਕੂਲ ਵਿੱਚ ਕੰਟਰੋਲ ਪ੍ਰਣਾਲੀ ਲਾਗੂ ਕੀਤੀ ਗਈ ਹੈ। ਇਸ ਹੇਠ ਮਾਸਕ ਦਾ ਇਸਤੇਮਾਲ ਤੇ ਸੋਸ਼ਲ ਡਿਸਟੈਂਸਿੰਗ ਵਰਗੀ ਸਾਵਧਾਨੀ ਦਾ ਪਾਲਣ ਕੀਤਾ ਜਾਏਗਾ। ਰੂਸ ਵਿੱਚ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਕਿਹਾ ਕਿ ਸਕੂਲਾਂ ਵਿੱਚ ਵਾਇਰਸ ਤੋਂ ਸੁਰੱਖਿਆ ਨਿਯਮਾਂ ਦਾ ਪੂਰਾ ਪਾਲਣ ਕੀਤਾ ਜਾਏਗਾ। ਮਾਸਕੋ ਦੇ ਸਕੂਲਾਂ ਵਿੱਚ ਅਧਿਆਪਕਾਂ ਦੇ ਲਈ ਮਾਸਕ ਜ਼ਰੂਰੀ ਕੀਤਾ ਗਿਆ ਹੈ। ਉਨ੍ਹਾਂ ਨੂੰ ਵਿਦਿਆਰਥੀਆਂ ਤੋਂ ਨਿਸ਼ਚਿਤ ਦੂਰੀ ਰੱਖਣ ਦਾ ਹੁਕਮ ਵੀ ਦਿੱਤਾ ਗਿਆ ਹੈ। ਓਧਰ ਫਰਾਂਸ ਦੇ ਸਿਖਿਆ ਮੰਤਰੀ ਜੀਨ ਮਾਈਕਲ ਬਲਾਨਕਵੇਰ ਨੇ ਕਿਹਾ ਕਿ ਦੇਸ਼ ਵਿੱਚ ਸਕੂਲ ਫਿਰ ਖੋਲ੍ਹੇ ਜਾ ਰਹੇ ਹਨ। ਜਿਨਾਂ ਸਕੂਲਾਂ ਵਿੱਚ ਇਸ ਦੀ ਤਿਆਰੀ ਅਧੂਰੀ ਹੈ, ਉਥੇ ਬਾਅਦ ਵਿੱਚ ਪੜ੍ਹਾਈ ਸ਼ੁਰੂ ਕੀਤੀ ਜਾਏਗੀ।



ਬੱਚੀਆਂ ਲਈ ਨਾਪਾਕ ਪਾਕਿਸਤਾਨ :

## ਇਸ ਸਾਲ ਜਨਵਰੀ ਤੋਂ ਜੂਨ ਤੱਕ 1489 ਨਾਬਾਲਿਗ ਕੁੜੀਆਂ ਨਾਲ ਬਲਾਤਕਾਰ ਹੋਏ

ਲਾਹੌਰ, 3 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਜਨਵਰੀ ਤੋਂ ਜੂਨ 2020 ਤੱਕ 1489 ਨਾਬਾਲਿਗ ਲੜਕੀਆਂ ਨੂੰ ਅਗਵਾ ਕਰਕੇ ਉਨ੍ਹਾਂ ਨਾਲ ਬਲਾਤਕਾਰ ਦੀਆਂ ਘਟਨਾਵਾਂ ਪਤਾ ਲੱਗਣ ਨਾਲ ਪਾਕਿਸਤਾਨ ਦੀ ਔਰਤਾਂ ਬਾਰੇ ਫਾਊਂਡੇਸ਼ਨ ਨੇ ਦੇਸ਼ ਦੀ ਕਾਨੂੰਨ ਵਿਵਸਥਾ ਉੱਤੇ ਕਈ ਤਰ੍ਹਾਂ ਦੇ ਸਵਾਲ ਉਠਾਏ ਹਨ।



ਔਰਤ ਫਾਊਂਡੇਸ਼ਨ ਦੇ ਅਨੁਸਾਰ ਇਸ ਤਰ੍ਹਾਂ ਰੋਜ਼ ਅੱਠ ਕੇਸ ਵਾਪਰਦੇ ਹਨ ਪਰ ਇਹ ਉਹ ਕੇਸ ਹਨ, ਜੋ ਪੁਲਸ ਕੋਲ ਰਿਪੋਰਟ ਹੋਏ ਹਨ, ਇਸ ਤੋਂ ਤਿੰਨ ਗੁਣਾ ਕੇਸ ਲੋਕਾਂ ਨੇ ਆਪਣੀ ਸ਼ਾਨ ਅਤੇ ਸੁਰੱਖਿਆ ਕਾਰਨ ਪੁਲਸ ਕੋਲ ਰਿਪੋਰਟ ਹੀ ਨਹੀਂ ਕੀਤੇ ਹੁੰਦੇ। ਔਰਤ ਫਾਊਂਡੇਸ਼ਨ ਆਫ ਪਾਕਿਸਤਾਨ ਦੀ ਪ੍ਰਧਾਨ ਰੁਬੀਨਾ ਸਾਦਿਕ ਨੇ ਇਸ ਬਾਰੇ ਰਿਪੋਰਟ ਵਿੱਚ ਦੋਸ਼ ਲਾਇਆ ਕਿ ਜੋ 1489 ਕੇਸ ਬਾਹਰ ਆਏ ਹਨ, ਉਨ੍ਹਾਂ ਵਿੱਚ 32 ਫੀਸਦੀ ਕੇਸ ਗੈਰ-ਮੁਸਲਿਮ ਲੜਕੀਆਂ ਦੇ ਹਨ ਤੇ ਇਨ੍ਹਾਂ ਗੈਰ-ਮੁਸਲਿਮ ਨਾਬਾਲਿਗ ਲੜਕੀਆਂ ਵਿੱਚ 119 ਗੈਰ-ਮੁਸਲਿਮ ਲੜਕੀਆਂ ਦੀ ਬਲਾਤਕਾਰ ਪਿੱਛੋਂ ਹੱਤਿਆ ਕੀਤੀ ਗਈ ਸੀ। ਹੈਰਾਨੀ ਦੀ ਗੱਲ ਹੈ ਕਿ ਪੁਲਸ ਨੇ ਇਨ੍ਹਾਂ 119 ਲੜਕੀਆਂ ਦੀ ਮੌਤ ਦੇ ਮਾਮਲੇ ਵਿੱਚ ਸਿਰਫ 9 ਮੁਲਜ਼ਮਾਂ ਨੂੰ ਹੀ ਗ੍ਰਿਫ਼ਤਾਰ ਕਰਨ ਵਿੱਚ ਸਫਲ ਹੋਈ ਹੈ। ਰੁਬੀਨਾ ਸਾਦਿਕ ਨੇ ਦੋਸ਼ ਲਾਇਆ ਕਿ ਪਾਕਿਸਤਾਨ ਵਿੱਚ ਜਨਵਰੀ ਤੋਂ ਜੂਨ 2020 ਤੱਕ ਲੱਗਭਗ ਪੰਜ ਹਜ਼ਾਰ ਨਾਬਾਲਿਗ ਲੜਕੀਆਂ ਨੂੰ ਅਗਵਾ ਕੀਤਾ ਗਿਆ, ਪਰ ਪੁਲਸ ਕੋਲ ਰਿਪੋਰਟ ਕਰਨ ਤੋਂ ਲੋਕ ਡਰਦੇ ਹਨ, ਕਿਉਂਕਿ ਪੁਲਸ ਦੋਸ਼ੀਆਂ ਨੂੰ ਸਜ਼ਾ ਦੇਣ ਦੀ ਥਾਂ ਪੀੜਤ ਪਰਿਵਾਰ ਨੂੰ ਹੀ ਅਪਮਾਨਿਤ ਕਰਦੀ ਹੈ ਅਤੇ ਕੱਟੜਪੰਥੀਆਂ ਦੇ ਦਬਾਅ ਹੇਠ ਕੋਈ ਕਾਰਵਾਈ ਨਹੀਂ ਕਰਦੀ। ਉਨ੍ਹਾਂ ਦੋਸ਼ ਲਾਇਆ ਕਿ ਜੋ ਕੇਸ ਬਾਹਰ ਆਏ ਹਨ, ਉਨ੍ਹਾਂ ਵਿੱਚ ਮਦਰੱਸਿਆਂ ਦੇ ਮੌਲਵੀਆਂ ਵੱਲੋਂ ਨਾਬਾਲਿਗ ਲੜਕੀਆਂ ਨਾਲ ਬਲਾਤਕਾਰ ਦੇ ਮਾਮਲੇ 118, ਆਪਣੇ ਹੀ ਰਿਸ਼ਤੇਦਾਰਾਂ ਵੱਲੋਂ ਬਲਾਤਕਾਰ ਦੇ 114 ਅਤੇ ਅਧਿਆਪਕਾਂ ਵੱਲੋਂ ਨਾਬਾਲਿਗ ਲੜਕੀਆਂ, ਜੋ ਟਿਊਸ਼ਨ ਪੜ੍ਹਨ ਜਾਂਦੀਆਂ ਹਨ, ਨਾਲ 167 ਕੇਸ ਪੁਲਸ ਨੇ ਦਰਜ ਕੀਤੇ, ਪਰ ਬਹੁਤੇ ਕੇਸਾਂ ਵਿੱਚ ਪੁਲਸ ਨੇ ਦੋਵਾਂ ਪੱਖਾਂ ਵਿੱਚ ਸਮਝੌਤੇ ਕਰਵਾ ਛੱਡਿਆ ਹੈ।

# ਸਿਟੀ ਆਫ ਮਿਸੀਸਾਗਾ ਕਰੇਗੀ 8 ਸਤੰਬਰ ਤੋਂ ਮੁੜ ਸੇਵਾਵਾਂ ਸ਼ੁਰੂ

ਮਿਸੀਸਾਗਾ, 3 ਸਤੰਬਰ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਚੋਣਵੀਆਂ ਸਿਟੀ ਸਰਵਿਸਿਜ਼ ਤੇ ਪ੍ਰੋਗਰਾਮ 8 ਸਤੰਬਰ ਤੋਂ ਸ਼ੁਰੂ ਹੋਣ ਜਾ ਰਹੇ ਹਨ। ਸਿਟੀ ਵੱਲੋਂ ਜਾਰੀ ਕੀਤੀ ਗਈ ਰਲੀਜ਼ ਅਨੁਸਾਰ ਜਿਹੜੀਆਂ ਸਰਵਿਸਿਜ਼ ਸ਼ੁਰੂ ਕੀਤੀਆਂ ਜਾਣਗੀਆਂ ਉਹ ਪੜਾਅਵਾਰ ਤੇ ਨਿਯੰਤਰਿਤ ਰੀਓਪਨਿੰਗ ਪਲੈਨ ਦਾ ਹਿੱਸਾ ਹਨ। ਹੈਲਥ ਤੇ ਸੇਫਟੀ ਪ੍ਰੋਟੋਕਾਲ ਵਿੱਚ ਐਕਟਿਵ ਸਕਰੀਨਿੰਗ, ਲਾਜ਼ਮੀ ਮਾਸਕਸ ਤੇ ਫਿਜ਼ੀਕਲ ਡਿਸਟੈਂਸਿੰਗ ਦਾ ਸਿਟੀ ਦੀਆਂ ਸਾਰੀਆਂ ਫੈਸਿਲਿਟੀਜ਼ ਉੱਤੇ ਪਾਲਣ ਕੀਤਾ ਜਾਵੇਗਾ।

8 ਸਤੰਬਰ ਤੋਂ ਸ਼ੁਰੂ ਹੋਣ ਜਾ ਰਹੀਆਂ ਸਰਵਿਸਿਜ਼ ਦੀ ਸੂਚੀ ਹੇਠਾਂ ਦਿੱਤੀ ਜਾ ਰਹੀ ਹੈ :

- ਸੋਧੀਆਂ ਹੋਈਆਂ ਸੇਵਾਵਾਂ ਨਾਲ ਕਮਿਊਨਿਟੀ ਸੈਂਟਰਜ਼, ਫਿੱਟਨੈੱਸ ਸੈਂਟਰਜ਼, ਇੰਡੋਰ ਪੂਲਜ਼ ਆਦਿ
- ਬੁਕਿੰਗ ਲਈ ਲਿਵਿੰਗ ਆਰਟਸ ਸੈਂਟਰ ਉਪਲਬਧ ਹੋਣਗੇ
- ਬੁਕਿੰਗ ਲਈ ਆਰਬੀਸੀ ਥਿਏਟਰ ਉਪਲਬਧ ਹੋਣਗੇ
- ਸਿਵਿਕ ਸੈਂਟਰ (300 ਸਿਟੀ ਸੈਂਟਰੀ ਡਰਾਈਵ) ਵਿਖੇ ਅਪੁਆਇੰਟਮੈਂਟ ਰਾਹੀਂ ਵਿਅਕਤੀਗਤ ਤੌਰ ਉੱਤੇ ਮੈਰਿਜ ਲਾਇਸੰਸ ਉਪਲਬਧ ਹੋਣਗੇ
- ਸਿਵਿਕ ਸੈਂਟਰ (300 ਸਿਟੀ ਸੈਂਟਰੀ ਡਰਾਈਵ) ਵਿਖੇ ਅਪੁਆਇੰਟਮੈਂਟ ਰਾਹੀਂ ਵਿਅਕਤੀਗਤ ਤੌਰ ਉੱਤੇ ਬਿਜ਼ਨਸ ਲਾਇਸੰਸਿੰਗ ਵੀ ਉਪਲਬਧ ਹੋਵੇਗੀ
- ਮੈਵਿਸ ਨੌਰਥ ਯਾਰਡ (3235 ਮੈਵਿਸ ਰੋਡ) ਵਿਖੇ ਅਪੁਆਇੰਟਮੈਂਟ ਰਾਹੀਂ ਵਿਅਕਤੀਗਤ ਤੌਰ ਉੱਤੇ ਮੋਬਾਈਲ ਲਾਇਸੰਸਿੰਗ ਉਪਲਬਧ ਹੋਵੇਗੀ



### 14 ਸਤੰਬਰ ਤੋਂ ਸ਼ੁਰੂ ਹੋਣ ਜਾ ਰਹੀਆਂ ਸਰਵਿਸਿਜ਼

- ਸੀ ਬੈਂਕੁਏਟਸ (ਸਿਵਿਕ ਸੈਂਟਰ ਦੀ 12ਵੀਂ ਮੰਜ਼ਿਲ ਉੱਤੇ) ਬੁਕਿੰਗਜ਼ ਲਈ ਉਪਲਬਧ ਹੋਣਗੇ
- ਬ੍ਰੈਬਨ ਗੌਲਫ ਕੋਰਸ ਦਾ ਡਾਈਨਿੰਗ ਰੂਮ ਬੁਕਿੰਗਜ਼ ਲਈ ਉਪਲਬਧ ਹੋਵੇਗਾ

### 15 ਸਤੰਬਰ ਤੋਂ ਸ਼ੁਰੂ ਹੋਣ ਜਾ ਰਹੀਆਂ ਸਰਵਿਸਿਜ਼

- ਸੀਮਤ ਸੇਵਾਵਾਂ ਨਾਲ ਸਾਰੀਆਂ ਲਾਇਬ੍ਰੇਰੀਜ਼ ਮੁੜ ਖੋਲ੍ਹੀਆਂ ਜਾਣਗੀਆਂ, ਇੱਥੇ ਵਿਜ਼ਿਟ ਦਾ ਸਮਾਂ ਇੱਕ ਘੰਟੇ ਤੱਕ ਹੀ ਸੀਮਤ ਕੀਤਾ ਜਾਵੇਗਾ।

# ਡੱਗ ਫੋਰਡ ਨੇ ਵਿਧਾਨ ਸਭਾ ਦੀ ਕਾਰਵਾਈ ਟਾਲਣ ਤੋਂ ਕੀਤਾ ਇਨਕਾਰ



## 14 ਸਤੰਬਰ ਤੋਂ ਵਿਧਾਨ ਸਭਾ ਦੀ ਕਾਰਵਾਈ ਸ਼ੁਰੂ ਕਰਨਗੇ ਐਮਪੀਪੀਜ਼

ਓਨਟਾਰੀਓ, 3 ਸਤੰਬਰ (ਪੋਸਟ ਬਿਊਰੋ) : ਬੱਚਿਆਂ ਦੇ ਸਕੂਲ ਜਾਣ ਤੋਂ ਪਹਿਲਾਂ ਐਮਪੀਪੀਜ਼ ਵਿਧਾਨ ਸਭਾ ਦਾ ਸੈਸ਼ਨ ਸ਼ੁਰੂ ਕਰਨਗੇ। ਪ੍ਰੀਮੀਅਰ ਡੱਗ ਫੋਰਡ ਨੇ ਕੱਲ੍ਹ ਇਹ ਗੱਲ ਜ਼ੋਰ ਦੇ ਕੇ ਆਖੀ ਕਿ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਦਾ ਵਿਧਾਨ ਸਭਾ ਦੀ ਕਾਰਵਾਈ ਅੱਗੇ ਪਾਉਣ ਦਾ ਕੋਈ ਇਰਾਦਾ ਨਹੀਂ ਹੈ।

ਇਸ ਤੋਂ ਭਾਵ ਇਹ ਹੋਇਆ ਕਿ ਐਮਪੀਪੀਜ਼ 14 ਸਤੰਬਰ ਨੂੰ ਕੁਈਨਜ਼ ਪਾਰਕ ਪਰਤਣਗੇ। ਦੂਜੇ ਪਾਸੇ ਮਾਰਚ ਵਿੱਚ ਕੋਵਿਡ-19 ਮਹਾਂਮਾਰੀ ਸ਼ੁਰੂ ਹੋਣ ਤੋਂ ਬਾਅਦ ਪਹਿਲੀ ਵਾਰੀ ਅਧਿਆਪਕ ਤੇ ਵਿਦਿਆਰਥੀ ਓਨਟਾਰੀਓ ਦੇ ਸਕੂਲਾਂ ਵਿੱਚ ਪਰਤਣ ਦੀ ਤਿਆਰੀ ਕਰ ਰਹੇ ਹਨ। ਇਟੋਬੀਕੋ ਵਿੱਚ ਆਟੋ ਪਾਰਟਸ ਫੈਕਟਰੀ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਫੋਰਡ ਨੇ ਆਖਿਆ ਕਿ ਹੁਣ ਵੇਲਾ ਟਾਲਮਟੋਲ ਕਰਨ ਦਾ ਨਹੀਂ ਸਗੋਂ 24 ਘੰਟੇ ਕੰਮ ਕਰਨ ਦਾ ਹੈ।

ਉਨ੍ਹਾਂ ਇਹ ਵੀ ਆਖਿਆ ਕਿ ਭਾਵੇਂ ਅਸੀਂ ਕੁਈਨਜ਼ ਪਾਰਕ ਵਿਖੇ ਕੰਮ ਨਾ ਵੀ ਕਰੀਏ ਪਰ ਅਸੀਂ ਕੰਮ ਕਰਦੇ ਰਹਾਂਗੇ। ਇੱਥੇ ਦੱਸਣਾ ਬਣਦਾ ਹੈ ਕਿ ਇਸ ਸਮੇਂ ਫੋਰਡ ਅੱਠ ਹਫਤਿਆਂ ਦੇ ਪ੍ਰੋਵਿੰਸ਼ੀਅਲ ਦੌਰੇ ਉੱਤੇ ਹਨ ਤੇ ਉਹ ਓਨਟਾਰੀਓ ਦੇ 124 ਹਲਕਿਆਂ ਵਿੱਚੋਂ 38 ਦਾ ਦੌਰਾ ਕਰਨਗੇ। ਆਪਣਾ ਅੱਧਾ ਕਾਰਜਕਾਲ ਮੁਕਾ ਚੁੱਕੇ ਟੋਰੀਜ਼ ਬਾਰੇ ਇਹ ਕਨਸੋਆਂ ਸਨ ਕਿ ਇਸ ਵਾਰੀ ਉਨ੍ਹਾਂ ਵੱਲੋਂ ਵਿਧਾਨ ਸਭਾ ਦੀ ਕਾਰਵਾਈ ਅੱਗੇ ਪਾਈ ਜਾਵੇਗੀ।

ਜ਼ਿਕਰਯੋਗ ਹੈ ਕਿ ਪਿਛਲੇ ਛੇ ਮਹੀਨਿਆਂ ਵਿੱਚ 2800 ਤੋਂ ਵੱਧ ਓਨਟਾਰੀਓ ਵਾਸੀਆਂ ਦੀ ਕਰੋਨਾਵਾਇਰਸ ਕਾਰਨ ਮੌਤ ਹੋ ਚੁੱਕੀ ਹੈ। ਇਸ ਦੌਰਾਨ 1.2 ਮਿਲੀਅਨ ਨੌਕਰੀਆਂ ਵੀ ਖੁੱਸ ਚੁੱਕੀਆਂ ਹਨ, ਜਿਨ੍ਹਾਂ ਕਰਕੇ ਪ੍ਰੋਵਿੰਸ ਆਰਥਿਕ ਮੰਦਵਾੜੇ ਵਿੱਚ ਧੱਕਿਆ ਜਾ ਚੁੱਕਿਆ ਹੈ। ਇਸ ਸਾਲ ਰਿਕਾਰਡ 186.7 ਬਿਲੀਅਨ ਡਾਲਰ ਖਰਚਣ ਦਾ ਟੀਚਾ ਮਿਥੀ ਬੈਠੀ ਫੋਰਡ ਸਰਕਾਰ ਨੂੰ ਹੁਣ ਤੱਕ 38.5 ਬਿਲੀਅਨ ਡਾਲਰ ਦਾ ਘਾਟਾ ਪੈ ਚੁੱਕਿਆ ਹੈ, ਜੋ ਕਿ ਓਨਟਾਰੀਓ ਦੇ ਇਤਿਹਾਸ ਵਿੱਚ ਸਭ ਤੋਂ ਵੱਡਾ ਘਾਟਾ ਹੈ।

ਪਰ ਫੈਡਰਲ ਲਿਬਰਲ ਸਰਕਾਰ, ਜੋ ਕਿ ਘੱਟਗਿਣਤੀ ਹੈ ਤੇ ਜਿਸ ਵੱਲੋਂ 23 ਸਤੰਬਰ ਤੱਕ ਪਾਰਲੀਆਮੈਂਟ ਦੀ ਕਾਰਵਾਈ ਮੁਲਤਵੀ ਕਰ ਦਿੱਤੀ ਗਈ ਹੈ, ਨੂੰ ਰਾਜ ਭਾਸ਼ਣ ਤੋਂ ਬਾਅਦ ਭਰੋਸੇ ਦਾ ਵੋਟ ਹਾਸਲ ਕਰਨਾ ਹੋਵੇਗਾ, ਜਿਸ ਮਗਰੋਂ ਚੋਣਾਂ ਵੀ ਹੋ ਸਕਦੀਆਂ ਹਨ। ਪਰ ਇਸ ਤੋਂ ਉਲਟ ਫੋਰਡ ਸਰਕਾਰ ਨੂੰ ਬਹੁਗਿਣਤੀ ਹੋਣ ਕਾਰਨ ਚੋਣਾਂ ਦਾ ਸਾਹਮਣਾ ਜੂਨ 2022 ਤੱਕ ਨਹੀਂ ਕਰਨਾ ਹੋਵੇਗਾ।

# ਮਾਰਖਮ ਪੱਬ ਵਿੱਚ ਡਾਕਾ ਮਾਰਨ ਦੀ ਕੋਸ਼ਿਸ਼ ਕਰਨ ਵਾਲਾ ਕਾਬੂ

ਮਾਰਖਮ, 3 ਸਤੰਬਰ (ਪੋਸਟ ਬਿਊਰੋ) : ਯੌਰਕ ਰੀਜਨਲ ਪੁਲਿਸ ਵੱਲੋਂ ਕੱਲ੍ਹ ਸ਼ਾਮ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਉਨ੍ਹਾਂ ਵੱਲੋਂ ਪੱਬ ਵਿੱਚ ਡਾਕਾ ਮਾਰਨ ਦੀ ਕੋਸ਼ਿਸ਼ ਕਰਨ ਦੇ ਦੋਸ਼ ਵਿੱਚ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਮਾਰਖਮ ਦੇ ਇੱਕ ਮਸ਼ਹੂਰ ਪੱਬ ਵਿੱਚ ਇੱਕ ਵਿਅਕਤੀ ਦਾਖਲ ਹੋਇਆ ਤੇ ਉਸ ਨੇ ਬੀਅਰ ਆਰਡਰ ਕਰਨ ਦੀ ਥਾਂ ਬਾਰਟੈਂਡਰ ਨੂੰ ਆਖਿਆ ਕਿ ਉਸ ਕੋਲ ਗੰਨ ਹੈ ਤੇ ਉਸ ਨੂੰ ਨਕਦੀ ਚਾਹੀਦੀ ਹੈ ਤਾਂ ਐਲੀਆ ਗਾਰਡਾਨਿਸ ਨੇ ਇਨਕਾਰ ਕਰ ਦਿੱਤਾ। ਯੂਨੀਅਨਵਿੱਲ ਆਰਮਜ਼ ਪੱਬ ਐਂਡ ਗ੍ਰਿੱਲ ਦੀ ਜਨਰਲ ਮੈਨੇਜਰ ਗਾਰਡਾਨਿਸ ਨੇ ਦੱਸਿਆ ਕਿ ਉਹ ਉਸ ਦੀ ਇਹ ਕੋਸ਼ਿਸ਼ ਕਾਮਯਾਬ ਨਹੀਂ ਹੋਣ ਦੇਵੇਗੀ। ਇਸ ਤੋਂ ਬਾਅਦ ਉਹ ਵਿਅਕਤੀ ਉੱਥੋਂ ਚਲਾ ਗਿਆ।



ਸਟਾਫ ਸਾਰਜੈਂਟ ਐਂਡਰਿਊ ਬੈੱਲ ਨੇ ਆਖਿਆ ਕਿ ਉਸ ਵਿਅਕਤੀ ਦੇ ਰੈਸਟੋਰੈਂਟ ਤੋਂ ਜਾਣ ਤੋਂ ਬਾਅਦ ਦੋ ਵਿਅਕਤੀਆਂ ਨੇ ਉਸ ਦਾ ਪਿੱਛਾ ਕੀਤਾ ਤੇ ਫਿਰ ਉਸ ਨੂੰ ਫੜ੍ਹ ਲਿਆ। ਉਨ੍ਹਾਂ ਦੋਵਾਂ ਵਿਅਕਤੀਆਂ ਨੇ ਉਦੋਂ ਤੱਕ ਉਸ ਨੂੰ ਹਿੱਲਣ ਨਹੀਂ ਦਿੱਤਾ ਜਦੋਂ ਤੱਕ ਪੁਲਿਸ ਮੌਕੇ ਉੱਤੇ ਨਹੀ ਪਹੁੰਚ ਗਈ। ਗਾਰਡਾਨਿਸ ਨੇ ਆਖਿਆ ਕਿ ਉਸ ਨੂੰ ਨਹੀ ਲੱਗਦਾ ਕਿ ਇਹ ਕੋਈ ਇੱਕਲੀ-ਕਾਰੀ ਘਟਨਾ ਹੈ। ਉਸ ਇਲਾਕੇ ਵਿਚ ਰਹਿਣ ਵਾਲੇ ਲੋਕਾਂ ਨੇ ਦੱਸਿਆ ਕਿ ਪਿਛਲੇ 24 ਘੰਟਿਆਂ ਵਿਚ ਮਾਰਖਮ ਵਿਚ ਕਈ ਥਾਂਵਾਂ ਉੱਤੇ ਡਾਕੇ ਪੈਣ ਦੀਆਂ ਖਬਰਾਂ ਸੁਣਨ ਨੂੰ ਮਿਲੀਆਂ ਹਨ। ਪੁਲਿਸ ਦਾ ਕਹਿਣਾ ਹੈ ਕਿ ਉਹ ਇਸ ਦੀ ਜਾਂਚ ਕਰ ਰਹੇ ਹਨ ਕਿ ਕੀ ਇਹ ਡਾਕੇ ਇੱਕ ਦੂਜੇ ਨਾਲ ਜੁੜੇ ਹੋਏ ਹਨ ਜਾਂ ਨਹੀਂ। ਇਹ ਵੀ ਪਤਾ ਲਾਇਆ ਜਾ ਰਿਹਾ ਹੈ ਕਿ ਇਹ ਇਸੇ ਮਸ਼ਕੂਕ ਦਾ ਕੰਮ ਤਾਂ ਨਹੀਂ ਹੈ।

# ਟਰਾਂਸਪੋਰਟ ਟਰੱਕ ਦੇ ਹੇਠਾਂ ਆ ਜਾਣ ਕਾਰਨ ਟੀਨੇਜਰ ਦੀ ਹੋਈ ਮੌਤ



ਮਿਸੀਸਾਗਾ, 3 ਸਤੰਬਰ (ਪੋਸਟ ਬਿਊਰੋ) : ਮਿਸੀਸਾਗਾ ਵਿੱਚ 18 ਵ੍ਹੀਲਰ ਦੇ ਹੇਠਾਂ ਆ ਜਾਣ ਤੋਂ ਬਾਅਦ ਇੱਕ ਟੀਨੇਜ ਸਾਈਕਲਿਸਟ ਦੀ ਮੌਤ ਹੋ ਗਈ। ਇਹ ਹਾਦਸਾ ਡੰਡਸ ਤੋਂ ਦੱਖਣ ਵੱਲ ਡਿਕਸੀ ਰੋਡ ਤੇ ਬਲੰਡਲ ਰੋਡ ਦੇ ਲਾਂਘੇ ਉੱਤੇ ਵਾਪਰਿਆ। ਪੀਲ ਪੁਲਿਸ ਨੂੰ ਸਵੇਰੇ 10:45 ਉੱਤੇ ਮੌਕੇ ਉੱਤੇ ਸੱਦਿਆ ਗਿਆ ਤੇ ਉਨ੍ਹਾਂ ਨੇ ਪਾਇਆ ਕਿ ਟੀਨੇਜਰ ਇਸ ਵੱਡੇ ਟਰਾਲੇ ਦੇ ਪਿਛਲੇ ਟਾਇਰਾਂ ਹੇਠ ਆ ਗਿਆ ਸੀ। ਇਸ ਮਾਮਲੇ ਦੀ ਜਾਂਚ ਲਈ ਡਿਕਸੀ ਨੂੰ ਦ ਕੁਈਨਜ਼ਵੇਅ ਤੋਂ ਡੰਡਸ ਤੱਕ ਬੰਦ ਕਰ ਦਿੱਤਾ ਗਿਆ ਹੈ।

# 12 ਸਾਲਾ ਲੜਕਾ ਆਪਣੇ ਪਿਤਾ ਦੀ ਐਸਯੂਵੀ ਲੈ ਕੇ ਦੋ ਘੰਟੇ ਘੁੰਮਦਾ ਰਿਹਾ

ਟੋਰਾਂਟੋ, 3 ਸਤੰਬਰ (ਪੋਸਟ ਬਿਊਰੋ) : ਇੱਕ 12 ਸਾਲਾ ਲੜਕਾ ਆਪਣੇ ਪਿਤਾ ਦੀ ਐਸਯੂਵੀ ਲੈ ਕੇ ਸਿਟੀ ਵਿੱਚ ਦੋ ਘੰਟੇ ਘੁੰਮਦਾ ਰਿਹਾ। ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਸ ਦੌਰਾਨ ਕਿਸੇ ਤਰ੍ਹਾਂ ਦਾ ਕੋਈ ਹਾਦਸਾ ਪੇਸ਼ ਨਹੀਂ ਆਇਆ ਤੇ ਨਾ ਹੀ ਇਸ ਲੜਕੇ ਨੂੰ ਹੀ ਕੋਈ ਸੱਟ ਫੇਟ ਲੱਗੀ।

ਐਸਯੂਵੀ ਨੂੰ ਇਸ ਲੜਕੇ ਨੇ ਆਪਣੇ ਐਲਬੀਅਨ ਰੋਡ ਤੇ ਇਸਲਿੰਗਟਨ ਸਥਿਤ ਘਰ ਦੇ ਪਾਰਕਿੰਗ ਲੌਟ ਤੋਂ ਚੁੱਕਿਆ ਤੇ ਇਹ ਗੱਡੀ ਪੁਲਿਸ ਨੂੰ ਕਿਊਈਡਬਲਿਊ ਤੇ ਹੁਰੌਨਤਾਰੀਓ ਲਾਗੇ ਮਿਲੀ। ਲੜਕਾ ਇਸ ਗੱਡੀ ਨੂੰ 20 ਕਿਲੋਮੀਟਰ ਚਲਾ ਕੇ ਲੈ ਗਿਆ। ਪੁਲਿਸ ਨੂੰ ਗਲਤ ਢੰਗ ਨਾਲ ਗੱਡੀ ਚਲਾਏ ਜਾਣ, ਡਰਾਈਵਰ ਵੱਲੋਂ ਲੇਨਜ਼ ਵਿੱਚ ਇੱਧਰ ਉੱਧਰ ਗੱਡੀ ਲੈ ਕੇ ਜਾਣ ਦੀਆਂ ਕਈ ਰਿਪੋਰਟਾਂ ਮਿਲੀਆਂ ਤੇ ਆਖਿਰਕਾਰ ਪੁਲਿਸ ਗੱਡੀ ਤੱਕ ਪਹੁੰਚਣ ਵਿੱਚ ਕਾਮਯਾਬ ਹੋ ਗਈ। ਪੁਲਿਸ ਨੂੰ ਲੜਕਾ ਵੀ ਸਹੀ ਸਲਾਮਤ ਮਿਲ ਗਿਆ। ਹੈਰਾਨੀ ਵਾਲੀ ਗੱਲ ਇਹ ਰਹੀ ਕਿ ਨਾ ਹੀ ਕਿਸੇ ਹੋਰ ਨੂੰ ਕੋਈ ਨੁਕਸਾਨ ਪਹੁੰਚਿਆ ਤੇ ਨਾ ਹੀ ਗੱਡੀ ਨੂੰ ਨੁਕਸਾਨ ਹੋਇਆ।


Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਰਵਿਦਾਸ ਲੜਕਾ, ਉੱਮਰ 27 ਸਾਲ, ਕੱਦ 6'2'', ਕੈਨੇਡੀਅਨ ਪੀ ਆਰ, ਜੋਬ ਟਰੱਕ ਚਲਾਉਂਦਾ ਹੈ ਅਤੇ ਵੇਲ ਸਟੈਲਡ ਹੈ, ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ/ ਵਰਕ ਪਰਮਟ ਹੋਲਡਰ ਲੜਕੀਆਂ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਕਰੋ:
416-419-6097 ਜਾਂ 437-993-7620

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 I +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ।
ਕਾਲ : 647-739-3600 I

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੈਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਕੱਦ 5 ਫੁੱਟ 3 ਇੰਚ, ਜਨਮ 1989, ਬੀ.ਐੱਡ., ਐਮ.ਏ ਈਕੋਨਾਮਿਕਸ, ਆਈਲੈਟਸ 'ਚ 6.5 ਬੈਂਡਜ਼ ਇਨ ਜਨਰਲ, ਜੋ ਕਿ 6 ਸਾਲ ਦਾ ਪੜ੍ਹਾਉਣ ਦਾ ਤਜਰਬਾ ਰੱਖਦੀ ਹੈ ਅਤੇ ਭਾਰਤ 'ਚ ਰਹਿ ਰਹੀ ਹੈ, ਲਈ ਕੈਨੇਡੀਅਨ ਪੀ.ਆਰ., ਸਪਾਂਸਰਸ਼ਿਪ, ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਭੈਣ ਕੈਨੇਡਾ ਵੈੱਲ ਸੈਟਲਡ ਹੈ। ਸੰਪਰਕ:- ਭਾਰਤ- 95925-26284, ਕੈਨੇਡਾ- 403-804-9345

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5'-5'', MBA, ਕੈਨੇਡੀਅਨ ਪੀ ਆਰ ਵਧੀਆ ਜੋਬ ਕਰ ਰਹੀ ਲੜਕੀ ਲਈ ਜੱਟ ਸਿੱਖ ਪੜੇ ਲਿੱਖੇ,ਪੀ ਆਰ ਅਤੇ ਸੈਟਲਡ ਲੜਕੇ ਦੀ ਲੋੜ ਹੈ। ਟੋਰਾਂਟੋ/ਕੇਲਗਰੀ ਨੂੰ ਪਹਿਲ ਦਿੱਤੀ ਜਾਵੇਗੀ।
ਕਾਲ ਕਰੋ:647-569-3479 ਜਾਂ ਵਟਸਐਪ +91-94640-41287

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Match for a Jat Sikh girl 26, 5'5" BBA (Accounting) Canada, Accountant, PR in process. Vegetarians preferred. Contact; gb.bhandal@gmail.com

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 I ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

UPPAL LAW
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AVTAR UPPAL Manager
AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੇ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com

# ਚਾਈਲਡ ਕੇਅਰ ਸੈਂਟਰਜ਼ ਨੂੰ ਅੱਜ ਤੋਂ ਪੂਰੀ ਸਮਰੱਥਾ ਨਾਲ ਆਪਰੇਟ ਕਰਨ ਦੀ ਦਿੱਤੀ ਗਈ ਇਜਾਜ਼ਤ

ਓਨਟਾਰੀਓ, 3 ਸਤੰਬਰ (ਪੋਸਟ ਬਿਊਰੋ) : ਓਨਟਾਰੀਓ ਦੇ ਚਾਈਲਡ ਕੇਅਰ ਸੈਂਟਰਜ਼ ਨੂੰ ਅੱਜ ਤੋਂ ਆਪਣੀ ਪੂਰੀ ਸਮਰੱਥਾ ਨਾਲ ਆਪਰੇਟ ਕਰਨ ਦੀ ਇਜਾਜ਼ਤ ਦੇ ਦਿੱਤੀ ਗਈ ਹੈ। ਪਰ ਕਿੰਨੇ ਕੁ ਮਾਪੇ ਇਸ ਦਾ ਲਾਹਾ ਲੈਣਾ ਚਾਹੁਣਗੇ?



ਸਕੂਲ ਜਾਣ ਵਾਲੇ ਬੱਚਿਆਂ ਲਈ ਅਰਲੀਆਨ ਚਾਈਲਡ ਤੇ ਫੈਮਿਲੀ ਸੈਂਟਰਜ਼ ਨੂੰ ਵੀ ਸਕੂਲ ਤੋਂ ਪਹਿਲਾਂ ਤੇ ਬਾਅਦ ਵਾਲੇ ਪ੍ਰੋਗਰਾਮਾਂ ਨਾਲ ਮੁੜ ਖੋਲ੍ਹੇ ਜਾਣ ਦੀ ਇਜਾਜ਼ਤ ਦੇ ਦਿੱਤੀ ਜਾਵੇਗੀ। ਇਹ ਵੀ ਪਤਾ ਲੱਗਿਆ ਹੈ ਕਿ ਹੇਠ ਲਿਖੀਆਂ ਸੇਫਟੀ ਪ੍ਰੋਟੋਕਾਲਜ਼ ਦਾ ਪਾਲਣ ਯਕੀਨੀ ਬਣਾਉਣ ਲਈ ਵੀ ਇਨ੍ਹਾਂ ਸਾਰੇ ਸੈਂਟਰਜ਼ ਨੂੰ ਹਦਾਇਤ ਕੀਤੀ ਗਈ ਹੈ। ਇਨ੍ਹਾਂ ਸੇਫਟੀ ਪ੍ਰੋਟੋਕਾਲਜ਼ ਵਿੱਚ ਹੇਠ ਲਿਖੀਆਂ ਹਦਾਇਤਾਂ ਸ਼ਾਮਲ ਹਨ:

- ਸਾਰਾ ਸਮਾਂ ਸਾਰੇ ਚਾਈਲਡ ਕੇਅਰ ਸਟਾਫ ਨੂੰ ਮਾਸਕਸ ਪਾ ਕੇ ਰੱਖਣੇ ਹੋਣਗੇ।
- ਚਾਈਲਡ ਕੇਅਰ ਸੈਂਟਰਜ਼ ਦੀ ਸਾਫ ਸਫਾਈ ਥੋੜ੍ਹੀ ਥੋੜ੍ਹੀ ਦੇਰ ਬਾਅਦ ਕੀਤੀ ਜਾਵੇ।
- ਚਾਈਲਡ ਕੇਅਰ ਫੈਸਿਲਿਟੀ ਵਿੱਚ ਦਾਖਲ ਹੋਣ ਤੋਂ ਪਹਿਲਾਂ ਬੱਚਿਆਂ ਤੇ ਸਟਾਫ ਦੀ ਸਕਰੀਨਿੰਗ ਯਕੀਨੀ ਬਣਾਈ ਜਾਵੇ।
- ਕਾਂਟੈਕਟ ਟਰੇਸਿੰਗ ਲਈ ਹਾਜ਼ਰੀ ਦਾ ਰਿਕਾਰਡ ਮੇਨਟੇਨ ਕੀਤਾ ਜਾਵੇ ਤੇ ਲੋਕਲ ਪਬਲਿਕ ਹੈਲਥ ਅਧਿਕਾਰੀਆਂ ਨਾਲ ਤਾਲਮੇਲ ਬਿਠਾਇਆ ਜਾਵੇ
- ਬੱਚਿਆਂ ਤੇ ਸਟਾਫ ਲਈ ਘੜੀ ਮੁੜੀ ਹੈਂਡ ਵਾਸ਼ਿੰਗ ਤੇ ਹੈਂਡ ਹਾਈਜੀਨ ਯਕੀਨੀ ਬਣਾਈ ਜਾਵੇ
- ਕਿਸੇ ਸਟਾਫ ਮੈਂਬਰ ਜਾਂ ਬੱਚੇ ਦੇ ਬਿਮਾਰ ਪੈਣ ਜਾਂ ਕੋਵਿਡ-19 ਪਾਜ਼ੀਟਿਵ ਪਾਏ ਜਾਣ ਦੀ ਸੂਰਤ ਵਿੱਚ ਸਪਸ਼ਟ ਤੇ ਸਖ਼ਤ ਕੇਸ ਮੈਨੇਜਮੈਂਟ ਪ੍ਰੋਟੋਕਾਲਜ਼ ਕਾਇਮ ਕੀਤੀਆਂ ਜਾਣ।

ਸੇਫ ਰੀਸਟਾਰਟ ਅਗਰੀਮੈਂਟ ਤਹਿਤ ਫੈਡਰਲ ਸਰਕਾਰ ਦੀ ਮਦਦ ਨਾਲ ਓਨਟਾਰੀਓ ਸਰਕਾਰ ਚਾਈਲਡ ਕੇਅਰ ਆਪਰੇਟਰਜ਼, ਅਰਲੀ ਆਨ ਚਾਈਲਡ ਤੇ ਫੈਮਿਲੀ ਸੈਂਟਰਜ਼ ਉੱਤੇ ਕਲੀਨਿੰਗ ਸਪਲਾਈਜ਼, ਪੀਪੀਈ ਤੇ ਨਵੇਂ ਪ੍ਰੋਸੀਜਰਜ਼ ਨਾਲ ਸਬੰਧਤ ਸਪੋਰਟ ਸਟਾਫ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਵਾਧੂ ਫੰਡਿੰਗ ਵੀ ਮੁਹੱਈਆ ਕਰਾਵੇਗੀ।

# ਨਵੀਂ ਪਬਲਿਕ ਪਾਲਿਸੀ ਸਦਕਾ ਹੁਣ ਕੈਨੇਡਾ ਛੱਡੇ ਬਿਨਾਂ ਹੀ ਵਰਕ ਪਰਮਿਟ ਲਈ ਅਪਲਾਈ ਕਰ ਸਕਣਗੇ ਵਿਜ਼ੀਟਰਜ਼

ਓਟਵਾ, 3 ਸਤੰਬਰ (ਪੋਸਟ ਬਿਊਰੋ) : ਬੀਤੇ ਦਿਨੀਂ ਇਮੀਗ੍ਰੇਸ਼ਨ ਮੰਤਰੀ ਮਾਰਕੋ ਈਐਲ ਮੈਂਡੀਸੀਨੋ ਵੱਲੋਂ ਨਵੀਂ ਪਬਲਿਕ ਪਾਲਿਸੀ ਸਬੰਧੀ ਕੀਤੇ ਗਏ ਐਲਾਨ ਨਾਲ ਕੈਨੇਡਾ ਆਉਣ ਵਾਲੇ ਵਿਜ਼ੀਟਰਜ਼ ਨੂੰ ਫਾਇਦਾ ਹੋਵੇਗਾ। ਮੈਂਡੀਸੀਨੋ ਨੇ ਆਪਣੇ ਐਲਾਨ ਵਿੱਚ ਆਖਿਆ ਕਿ ਜਿਹੜੇ ਵਿਜ਼ੀਟਰਜ਼ ਇਸ ਸਮੇਂ ਕੈਨੇਡਾ ਵਿੱਚ ਹਨ ਤੇ ਜਿਨ੍ਹਾਂ ਕੋਲ ਵੈਲਿਡ ਜੌਬ ਆਫਰ ਹੈ, ਉਹ ਹੁਣ ਇੰਪਲਾਇਰ ਅਧਾਰਤ ਵਰਕ ਪਰਮਿਟ ਲਈ ਅਪਲਾਈ ਕਰਨ ਦੇ ਯੋਗ ਹੋਣਗੇ। ਜੇ ਉਨ੍ਹਾਂ ਨੂੰ ਮਨਜ਼ੂਰੀ ਮਿਲ ਜਾਂਦੀ ਹੈ ਤਾਂ ਉਨ੍ਹਾਂ ਨੂੰ ਦੇਸ਼ ਛੱਡਣ ਤੋਂ ਬਿਨਾਂ ਹੀ ਪਰਮਿਟ ਮਿਲ ਜਾਵੇਗਾ।



ਪਾਲਿਸੀ ਵਿੱਚ ਇਹ ਆਰਜ਼ੀ ਤਬਦੀਲੀਆਂ ਫੌਰੀ ਤੌਰ ਉੱਤੇ ਪ੍ਰਭਾਵੀ ਹੋਣਗੀਆਂ ਤੇ ਇਹ ਕੈਨੇਡਾ ਦੇ ਉਨ੍ਹਾਂ ਇੰਪਲੌਇਰਜ਼ ਨੂੰ ਫਾਇਦਾ ਪਹੁੰਚਾਉਣਗੀਆਂ ਜਿਨ੍ਹਾਂ ਨੂੰ ਆਪਣੀ ਲੋੜ ਮੁਤਾਬਕ ਵਰਕਰਜ਼ ਲੱਭਣ ਵਿੱਚ ਦਿੱਕਤ ਹੋ ਰਹੀ ਹੈ। ਇਸ ਦੇ ਨਾਲ ਹੀ ਉਨ੍ਹਾਂ ਟੈਂਪਰੇਰੀ ਰੈਜ਼ੀਡੈਂਟਸ ਨੂੰ ਵੀ ਫਾਇਦਾ ਹੋਵੇਗਾ ਜਿਹੜੇ ਆਪਣੇ ਕੰਮ ਤੇ ਹੁਨਰ ਨਾਲ ਕੈਨੇਡਾ ਦੇ ਕੋਵਿਡ-19 ਮਹਾਂਮਾਰੀ ਤੋਂ ਬਚਣ ਦੇ ਰਾਹ ਵਿੱਚ ਯੋਗਦਾਨ ਪਾਉਣਾ ਚਾਹੁੰਦੇ ਹਨ। ਮਹਾਂਮਾਰੀ ਦੌਰਾਨ, ਆਰਜ਼ੀ ਰੈਜ਼ੀਡੈਂਟਸ, ਜਿਹੜੇ ਕੈਨੇਡਾ ਵਿੱਚ ਹੀ ਰਹਿ ਗਏ ਹਨ, ਨੂੰ ਵੈਲਿਡ ਲੀਗਲ ਸਟੇਟਸ ਮੇਨਟੇਨ ਕਰਨ ਲਈ ਉਤਸ਼ਾਹਿਤ ਕੀਤਾ ਜਾਵੇਗਾ। ਮਹਾਂਮਾਰੀ ਕਾਰਨ ਦੁਨੀਆ ਭਰ ਵਿੱਚ ਏਅਰ ਟਰੈਵਲ ਸੀਮਤ ਹੋਣ ਕਰਕੇ ਕੈਨੇਡਾ ਆਏ ਕੁੱਝ ਵਿਜ਼ੀਟਰਜ਼ ਇੱਥੋਂ ਵਾਪਿਸ ਆਪਣੇ ਟਿਕਾਣਿਆਂ ਉੱਤੇ ਜਾ ਹੀ ਨਹੀਂ ਸਕੇ, ਜਦਕਿ ਕੁੱਝ ਫੌਰਨ ਵਰਕਰਜ਼ ਨੂੰ ਆਪਣੇ ਸਟੇਟਸ ਬਦਲ ਕੇ ਵਿਜ਼ੀਟਰ ਕਰਨਾ ਪਿਆ ਕਿਉਂਕਿ ਉਨ੍ਹਾਂ ਦਾ ਵਰਕ ਪਰਮਿਟ ਐਕਸਪਾਇਰ ਹੋਣ ਵਾਲਾ ਸੀ ਤੇ ਉਨ੍ਹਾਂ ਕੋਲ ਨਵੇਂ ਵਰਕ ਪਰਮਿਟ ਲਈ ਅਪਲਾਈ ਕਰਨ ਵਾਸਤੇ ਕੋਈ ਜੌਬ ਆਫਰ ਵੀ ਨਹੀਂ ਸੀ।

ਕੈਨੇਡਾ ਵਿਚਲੇ ਕੁੱਝ ਇੰਪਲੌਇਰਜ਼ ਨੂੰ ਵੀ ਲੇਬਰ ਦੀ ਘਾਟ ਤੇ ਹੁਨਰਮੰਦ ਕਾਮਿਆਂ ਦੀ ਤੰਗੀ ਕਾਰਨ ਬੜੀ ਦਿੱਕਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਵਿੱਚ ਉਹ ਇੰਪਲੌਇਰਜ਼ ਵੀ ਸ਼ਾਮਲ ਹਨ ਜਿਹੜੇ ਉਹ ਅਹਿਮ ਵਸਤਾਂ ਤੇ ਸੇਵਾਵਾਂ ਮੁਹੱਈਆ ਕਰਵਾਉਂਦੇ ਹਨ ਜਿਨ੍ਹਾਂ ਉੱਤੇ ਕੈਨੇਡੀਅਨ ਨਿਰਭਰ ਕਰਦੇ ਹਨ।

ਇਸ ਆਰਜ਼ੀ ਪਬਲਿਕ ਪਾਲਿਸੀ ਦਾ ਫਾਇਦਾ ਲੈਣ ਲਈ ਬਿਨੈਕਾਰ ਨੂੰ ਹੇਠ ਲਿਖੇ ਮੁਤਾਬਕ ਯੋਗਤਾ ਚਾਹੀਦੀ ਹੋਵੇਗੀ :

- 24 ਅਗਸਤ, 2020 ਤੱਕ ਬਿਨੈਕਾਰ ਦਾ ਵਿਜ਼ੀਟਰ ਵਜੋਂ ਕੈਨੇਡਾ ਵਿੱਚ ਵੈਲਿਡ ਸਟੇਟਸ ਹੋਵੇ ਤੇ ਉਹ ਕੈਨੇਡਾ ਵਿੱਚ ਹੀ ਰਹਿ ਰਿਹਾ ਹੋਵੇ
- ਬਿਨੈਕਾਰ ਕੋਲ ਜੌਬ ਆਫਰ ਹੋਵੇ
- ਖਾਸ ਇੰਪਲੌਇਰ ਵੱਲੋਂ ਦਿੱਤੇ ਜਾਣ ਵਾਲੇ ਵਰਕ ਪਰਮਿਟ, ਜਿਸ ਨੂੰ ਲੇਬਰ ਮਾਰਕਿਟ ਇੰਪੈਕਟ ਅਸੈਸਮੈਂਟ (ਐਲਐਮਆਈਏ) ਜਾਂ ਐਲਐਮਆਈਏ ਤੋਂ ਛੋਟ ਵਾਲਾ ਕੰਮ 31 ਮਾਰਚ, 2021 ਤੱਕ ਕਰਨ ਲਈ ਤਾਈਦ ਕੀਤਾ ਗਿਆ ਹੋਵੇ, ਲਈ ਅਰਜ਼ੀ ਜਮ੍ਹਾਂ ਕਰਵਾਉਣਾ
- ਹੋਰ ਸਾਰੇ ਮਾਪਦੰਡਾਂ ਨੂੰ ਵੀ ਪੂਰਾ ਕਰਦਾ ਹੋਵੇ

ਇਹ ਆਰਜ਼ੀ ਪਬਲਿਕ ਪਾਲਿਸੀ ਉੱਪਰ ਦਿੱਤੀਆਂ ਸ਼ਰਤਾਂ ਪੂਰੀਆਂ ਕਰਨ ਵਾਲੇ ਬਿਨੈਕਾਰਾਂ ਲਈ ਨਵਾਂ ਮੌਕਾ ਮੁਹੱਈਆ ਕਰਵਾਉਂਦੀ ਹੈ ਤੇ ਉਨ੍ਹਾਂ ਲਈ ਜਿਨ੍ਹਾਂ ਕੋਲ ਪਿਛਲੇ 12 ਮਹੀਨਿਆਂ ਵਿੱਚ ਆਪਣੇ ਇੰਪਲੌਇਰ ਕੋਲ ਕੰਮ ਕਰਨ ਦਾ ਵੈਲਿਡ ਵਰਕ ਪਰਮਿਟ ਰਿਹਾ ਹੋਵੇ, ਜੋ ਕਿ ਉਨ੍ਹਾਂ ਦੀ ਵਰਕ ਪਰਮਿਟ ਅਰਜ਼ੀ ਪੂਰੀ ਤਰ੍ਹਾਂ ਮਨਜ਼ੂਰ ਹੋਣ ਤੋਂ ਪਹਿਲਾਂ ਦਾ ਹੋਵੇ।

# ਸੋਵੀਅਤ ਯੁੱਗ ਦੇ ਕੈਮੀਕਲ ਵੈਪਨ ਨਾਲ ਹੋਇਆ ਰੂਸ ਦੇ ਵਿਰੋਧੀ ਆਗੂ ਦਾ ਕਤਲ

ਮਾਸਕੋ, 3 ਸਤੰਬਰ (ਪੋਸਟ ਬਿਊਰੋ) : ਰੂਸ ਦੇ ਵਿਰੋਧੀ ਧਿਰ ਦੇ ਆਗੂ ਅਲੈਗਜ਼ੇਈ ਨਵਾਲਨੀ ਨੂੰ ਸੋਵੀਅਤ ਯੁੱਗ ਦੀ ਕੈਮੀਕਲ ਵੈਪਨ ਨੋਵੀਚੋਕ ਦੇ ਕੇ ਮਾਰਿਆ ਗਿਆ ਹੈ। ਜਰਮਨੀ ਦੀ ਸਰਕਾਰ ਦਾ ਕਹਿਣਾ ਹੈ ਕਿ ਕੀਤੇ ਗਏ ਟੈਸਟਾਂ ਤੋਂ ਬਿਨਾਂ ਕਿਸੇ ਸ਼ੱਕ ਦੇ ਇਹ ਸਿੱਧ ਹੋ ਚੁੱਕਿਆ ਹੈ ਕਿ ਅਜਿਹਾ ਹੀ ਹੋਇਆ ਹੈ। ਨਵਾਲਨੀ ਰੂਸ ਦੇ ਰਾਸ਼ਟਰਪਤੀ



ਵਲਾਦੀਮੀਰ ਪੁਤਿਨ ਦਾ ਸੱਭ ਤੋਂ ਵੱਡਾ ਆਲੋਚਕ ਸੀ। 20 ਅਗਸਤ ਨੂੰ ਸਾਈਬੇਰੀਆ ਤੋਂ ਮਾਸਕੋ ਆਉਂਦੇ ਸਮੇਂ ਉਹ ਕੋਮਾ ਵਿੱਚ ਚਲਾ ਗਿਆ। ਪਿਛਲੇ ਹਫਤੇ ਬਰਲਿਨ ਚੈਰਿਟੀ ਹਸਪਤਾਲ ਦੇ ਡਾਕਟਰਾਂ ਨੇ ਆਖਿਆ ਸੀ ਕਿ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਨਵਾਲਨੀ ਨੂੰ ਜ਼ਹਿਰ ਦਿੱਤੀ ਗਈ ਹੋਵੇ।

ਚਾਂਸਲਰ ਐਂਜੇਲਾ ਮਰਕਲ ਦੇ ਬੁਲਾਰੇ ਨੇ ਬੁੱਧਵਾਰ ਨੂੰ ਆਖਿਆ ਕਿ ਜਰਮਨੀ ਦੀ ਸਪੈਸ਼ਲ ਮਿਲਟਰੀ ਲੈਬਾਰਟਰੀ ਨੂੰ ਇਸ ਗੱਲ ਦੇ ਪੁਖ਼ਤਾ ਸਬੂਤ ਮਿਲੇ ਹਨ ਕਿ ਉਸ ਨੂੰ ਨੋਵੀਚੋਕ ਗਰੁੱਪ ਦਾ ਰਸਾਇਣਿਕ ਨਰਵ ਏਜੰਟ ਦਿੱਤਾ ਗਿਆ। ਦੂਜੇ ਪਾਸੇ ਕ੍ਰੈਮਲਿਨ ਨੇ ਆਖਿਆ ਕਿ ਉਨ੍ਹਾਂ ਨੂੰ ਇਸ ਗੱਲ ਦੀ ਕੋਈ ਜਾਣਕਾਰੀ ਨਹੀਂ ਹੈ ਕਿ ਨਵਾਲਨੀ ਨੂੰ ਕਿਸੇ ਨਰਵ ਏਜੰਟ ਰਾਹੀਂ ਮਾਰਿਆ ਗਿਆ ਹੈ।

# ਕੋਵਿਡ-19 ਲਈ ਹੋਮ ਟੈਸਟਸ ਨੂੰ ਮਨਜ਼ੂਰੀ ਦੇਣ ਬਾਰੇ ਵਿਚਾਰ ਕਰ ਰਿਹਾ ਹੈ ਸਿਹਤ ਮੰਤਰਾਲਾ

ਓਟਵਾ, 3 ਸਤੰਬਰ (ਪੋਸਟ ਬਿਊਰੋ) : ਵਾਇਰਸ ਨੂੰ ਸਕਰੀਨ ਕਰਨ ਲਈ ਕੋਵਿਡ-19 ਟੈਸਟ ਘਰਾਂ ਵਿੱਚ ਕਰਨ ਦੀ ਇਜਾਜ਼ਤ ਦੇਣ ਬਾਰੇ ਹੈਲਥ ਕੈਨੇਡਾ ਮਨ ਬਣਾ ਰਿਹਾ ਹੈ। ਇਹ ਜਾਣਕਾਰੀ ਸਿਹਤ ਮੰਤਰੀ ਦੇ ਬੁਲਾਰੇ ਨੇ ਦਿੱਤੀ। ਜੇ ਇਸ ਫੈਸਲੇ ਨੂੰ ਮਨਜ਼ੂਰੀ ਮਿਲ ਜਾਂਦੀ ਹੈ ਤਾਂ ਇਹ ਉਨ੍ਹਾਂ ਪਬਲਿਕ ਹੈਲਥ ਮਾਹਿਰਾਂ ਤੇ ਡਾਕਟਰਾਂ ਦੀ ਵੱਡੀ ਜਿੱਤ ਹੋਵੇਗੀ ਜਿਹੜੇ ਇਸ ਗੱਲ ਦੀ ਪੈਰਵੀ ਕਰ ਰਹੇ ਹਨ ਕਿ ਅਕਸਰ ਤੇ ਸਸਤੀ ਟੈਸਟਿੰਗ ਨਾਲ ਮਹਾਂਮਾਰੀ ਨੂੰ ਮਾਤ ਦਿੱਤੀ ਜਾ ਸਕਦੀ ਹੈ। ਸਿਹਤ ਮੰਤਰਾਲਾ ਪਹਿਲਾਂ ਇਹ ਆਖ ਚੁੱਕਿਆ ਹੈ ਕਿ ਉਹ ਇਸ ਗੱਲ ਨੂੰ ਲੈ ਕੇ ਚਿੰਤਤ ਹੈ ਕਿ ਲੋਕ ਘਰਾਂ ਵਿੱਚ ਕੀਤੇ ਜਾਣ ਵਾਲੇ ਟੈਸਟ ਦੀ ਦੁਰਵਰਤੋਂ ਕਰ ਸਕਦੇ ਹਨ ਜਾਂ ਫਿਰ ਅਜਿਹੇ ਟੈਸਟ ਦੇ ਨਤੀਜਿਆਂ ਨੂੰ ਗਲਤ ਢੰਗ ਨਾਲ ਸਮਝ ਸਕਦੇ ਹਨ। ਸਿਹਤ ਮੰਤਰਾਲੇ ਦੇ ਬੁਲਾਰੇ ਕੋਲ ਡੇਵਿਡਸਨ ਨੇ ਇੱਕ ਬਿਆਨ ਵਿੱਚ ਆਖਿਆ ਕਿ ਮਹਾਂਮਾਰੀ ਵਧਣ ਨਾਲ ਹੈਲਥ ਕੈਨੇਡਾ ਸਕਰੀਨਿੰਗ ਦੇ ਮਕਸਦ ਨਾਲ ਹੋਮ ਟੈਸਟਿੰਗ ਡਿਵਾਇਸਿਜ਼ ਨੂੰ ਮਨਜ਼ੂਰੀ ਦੇਣ ਬਾਰੇ ਵਿਚਾਰ ਕਰ ਰਿਹਾ ਹੈ।


MARVES HARDWOOD FLOORING

Services:
Fence - Hardwood Flooring
Stairs - Small Renovation

John
416-787-6551

ਫਾਰਮ ਵਿਚ ਕਾਮਿਆਂ ਦੀ ਲੋੜ

ਮਾਲਟਨ ਅਤੇ ਗੋਰ ਰੋਡ ਦੇ ਏਰੀਏ ਤੋਂ ਫਾਰਮ ਵਿਚ ਕੰਮ ਕਰਨ ਲਈ ਬੰਦਿਆਂ ਅਤੇ ਜਨਾਨੀਆਂ ਦੀ ਲੋੜ ਹੈ। ਫਰੀ ਰਾਈਡ ਦਿੱਤੀ ਜਾਵੇਗੀ ਅਤੇ ਵਧੀਆ ਪੇਅ ਹੈ।
ਹਫ਼ਤੇ ਦੇ ਛੇ ਦਿਨ ਕੰਮ

ਸੰਪਰਕ: 647 765 4145

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

CALL TODAY FOR ANY CLASSIFIED OR MATRIMONIAL AD !!!
905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
◦ Machine Operators ◦ AZ-DZ Drivers
◦ Forklift Driver ◦ Machine Mechanic
◦ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $58 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

You can Place Your Business Here
(905)793-2202
To Reach Wider Audience

# ਫਿਲਮੀ ਦੁਨੀਆਂ

## ਸੋਸ਼ਲ ਸਟਾਇਰ ਫਿਲਮ 'ਸਬ ਫਸਟ ਕਲਾਸ ਹੈ' ਵਿੱਚ ਪਹਿਲੀ ਵਾਰ ਕਾਮੇਡੀ ਕਰਨਗੇ ਇਮਰਾਨ



ਇਮਰਾਨ ਹਾਸ਼ਮੀ ਹੁਣ ਇੱਕ ਨਵੇਂ ਰੋਲ ਨੂੰ ਨਿਭਾਉਂਦੇ ਨਜ਼ਰ ਆਉਣਗੇ। ਆਪਣੀ ਸੀਰੀਅਲ ਕਿਸਰ ਦੀ ਇਮੇਜ ਨੂੰ ਵੱਖ ਇਸ ਵਾਰ ਇਮਰਾਨ ਵਿਅੰਗ ਕਰਦੇ ਹੋਏ ਨਜ਼ਰ ਆਉਣਗੇ। ਇਮਰਾਨ ਨੇ ਬਲਵਿੰਦਰ ਸਿੰਘ ਜੰਜੂਆ ਦੀ ਫਿਲਮ 'ਸਬ ਫਸਟ ਕਲਾਸ ਹੈ' ਸਾਈਨ ਕੀਤੀ ਹੈ।

ਇਸ ਫਿਲਮ ਵਿੱਚ ਇਮਰਾਨ ਕਾਮੇਡੀ ਦੇ ਜ਼ਰੀਏ ਆਮ ਭਾਰਤੀ ਦੀ ਕਹਾਣੀ ਦੱਸਦੇ ਨਜ਼ਰ ਆਉਣਗੇ। ਇਮਰਾਨ ਨੇ ਇਸ ਫਿਲਮ ਬਾਰੇ ਆਪਣੇ ਇੰਸਟਾਗ੍ਰਾਮ ਹੈਂਡਲ 'ਤੇ ਵੀ ਪੋਸਟ ਕੀਤਾ ਹੈ। ਇਮਰਾਨ ਦੀ ਇਸ ਫਿਲਮ ਵਿੱਚ ਉਨ੍ਹਾਂ ਦਾ ਕਿਰਦਾਰ ਇੱਕ ਵਰਕਿੰਗ ਕਲਾਸ ਆਮ ਆਦਮੀ ਦਾ ਹੈ, ਜੋ ਹਮੇਸ਼ਾ ਆਪਣੇ ਕੋਲ ਦੀਆਂ ਚੀਜ਼ਾਂ ਤੋਂ ਜ਼ਿਆਦਾ ਹਾਸਲ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸੇ ਨੂੰ ਹਾਸਲ ਕਰਨ ਵਿੱਚ ਉਸ ਤੋਂ ਕਈ ਅਜਿਹੀਆਂ ਗਲਤੀਆਂ ਹੁੰਦੀਆਂ ਹਨ ਜਿਨ੍ਹਾਂ ਤੋਂ ਕਾਮੇਡੀ ਬਣਦੀ ਹੈ। ਡਾਇਰੈਕਸ਼ਨ ਬਲਵਿੰਦਰ ਕਰ ਰਹੇ ਹਨ।

## ਸ਼ੁਰੂ ਤੋਂ ਅਦਾਕਾਰੀ ਵੱਲ ਆਉਣਾ ਚਾਹੁੰਦੀ ਸੀ ਮਸਾਬਾ



ਫੈਸ਼ਨ ਡਿਜ਼ਾਈਨਰ ਮਸਾਬਾ ਗੁਪਤਾ ਦਾ ਕਹਿਣਾ ਹੈ ਕਿ ਉਹ ਹਮੇਸ਼ਾ ਤੋਂ ਅਦਾਕਾਰੀ ਕਰਨਾ ਚਾਹੁੰਦੀ ਸੀ, ਪਰ ਇਸ ਪੇਸ਼ੇ ਵਿੱਚ ਨਹੀਂ ਆਈ ਕਿਉਂਕਿ ਉਸ ਨੂੰ ਲੱਗਦਾ ਸੀ ਕਿ ਫਿਲਮ ਜਗਤ ਵਿੱਚ ਖਾਸ ਤਰ੍ਹਾਂ ਦੇ ਚਿਹਰੇ ਚੱਲਦੇ ਹਨ। ਮਸਾਬਾ ਦਾ ਲੰਮੇ ਸਮੇਂ ਤੋਂ ਦੱਬਿਆ ਸੁਫਨਾ ਨੈੱਟਫਲਿਕਸ ਸੀਰੀਜ਼ 'ਮਸਾਬਾ ਮਸਾਬਾ' ਰਾਹੀਂ ਸਾਕਾਰ ਹੋਣ ਜਾ ਰਿਹਾ ਹੈ। ਇਹ ਮਸਾਬਾ ਦੀ ਜ਼ਿੰਦਗੀ ਦੇ ਅਸਲ ਪਲਾਂ 'ਤੇ ਆਧਾਰਤ ਹੈ। ਇਸ ਵਿੱਚ ਉਸ ਦੀ ਮਾਂ ਅਭਿਨੇਤਰੀ ਨੀਨਾ ਗੁਪਤਾ ਵੀ ਹੈ।

ਮਸਾਬਾ ਨੇ ਕਿਹਾ ਕਿ ਛੋਟੀ ਉਮਰ 'ਚ ਉਹ ਅਦਾਕਾਰੀ ਵੱਲ ਆਉਣਾ ਚਾਹੁੰਦੀ ਸੀ, ਪਰ ਜਦ ਉਹ ਫੈਸ਼ਨ ਜਗਤ ਦਾ ਹਿੱਸਾ ਬਣ ਗਈ ਤਾਂ ਇਹ ਸੁਫਨਾ ਗੁਆਚ ਗਿਆ। ਮਸਾਬਾ ਨੇ ਕਿਹਾ ਕਿ ਫਿਲਮਾਂ ਵਿੱਚ ਭੂਮਿਕਾਵਾਂ ਲਈ ਅਦਾਕਾਰਾਂ ਦੀ ਚੋਣ ਕੁਝ ਖਾਸ ਪੱਖਾਂ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਜਾਂਦੀ ਹੈ। ਉਸ ਨੇ ਕਿਹਾ ਕਿ ਫਿਲਮਾਂ ਮੰਗਣ ਲਈ ਉਹ ਕਦੇ ਕਿਸੇ ਕੋਲ ਨਹੀਂ ਜਾਵੇਗੀ, ਖਾਸ ਕਰ ਕੇ ਉਨ੍ਹਾਂ ਕੋਲ, ਜੋ ਉਸ ਵਿੱਚ ਭਰੋਸਾ ਹੀ ਨਹੀਂ ਕਰਦੇ। ਉਸ ਨੇ ਕਿਹਾ ਕਿ ਉਹ ਆਪਣੇ ਫੈਸ਼ਨ ਕਾਰੋਬਾਰ ਵਿੱਚ ਰੁੱਝੀ ਹੋਈ ਹੈ ਤੇ ਉਸ ਨੂੰ ਇਹ ਚੰਗਾ ਲੱਗਦਾ ਹੈ। ਮਸਾਬਾ ਨੇ ਨਾਲ ਹੀ ਕਿਹਾ ਕਿ ਸ਼ੋਅ 'ਰੀਲ ਤੇ ਰੀਅਲ' ਜ਼ਿੰਦਗੀ ਵਿਚਾਲੇ ਲੀਕ ਨੂੰ ਫਿੱਕਾ ਪਵੇਗਾ। ਬਹੁਤੀਆਂ ਘਟਨਾਵਾਂ ਅਸਲੀ ਹਨ ਅਤੇ ਇਨ੍ਹਾਂ ਨੂੰ ਰੌਚਕ ਬਣਾਉਣ ਲਈ ਕੁਝ ਕਾਲਪਨਿਕ ਘਟਨਾਵਾਂ ਜੋੜੀਆਂ ਗਈਆਂ ਹਨ। ਜ਼ਿਕਰਯੋਗ ਹੈ ਕਿ ਮਸਾਬਾ ਨੀਨਾ ਤੇ ਵੈਸਟ ਇੰਡੀਜ਼ ਕ੍ਰਿਕਟਰ ਵਿਵੀਅਨ ਰਿਚਰਡਜ਼ ਦੀ ਧੀ ਹੈ।

## ਜਿਮ ਜਾਣਾ ਹੀ ਐਕਟਰ ਦਾ ਰਿਆਜ਼ ਨਹੀਂ ਹੁੰਦਾ-ਰਣਦੀਪ ਹੁੱਡਾ

ਰਣਦੀਪ ਹੁੱਡਾ ਦਾ ਮੰਨਣਾ ਹੈ ਕਿ ਆਰਟਿਸਟ ਹੋਣ ਦਾ ਮਤਲਬ ਬਹੁਤ ਵੱਡਾ ਹੁੰਦਾ ਹੈ। ਇੱਕ ਇੰਟਰਵਿਊ ਵਿੱਚ ਉਨ੍ਹਾਂ ਦੱਸਿਆ, ''ਮੈਂ 'ਡੀ' ਫਿਲਮ ਕਰ ਰਿਹਾ ਹਾਂ। ਉਸ ਫਿਲਮ ਵਿੱਚ ਮੈਂ ਮੁੱਖ ਰੋਲ ਵਿੱਚ ਸੀ। ਇੱਕ ਦਿਨ ਮੈਂ ਸ਼ਾਟ ਦੇ ਕੇ ਆਪਣੀ ਵੈਨਿਟੀ ਨੇੜੇ ਗਿਆ ਤਾਂ ਦਰਵਾਜ਼ੇ 'ਤੇ ਨਜ਼ਰ ਪਈ। ਓਥੇ ਲਿਖਿਆ ਸੀ: ਆਰਟਿਸਟ। ਮੈਂ ਸੋਚਿਆ ਕਿ ਕੀ ਸੱਚ ਹੀ ਮੈਂ ਆਰਟਿਸਟ ਹਾਂ। ਤਦ ਤੋਂ ਮੈਂ ਆਰਟਿਸਟ ਹੋਣ ਦਾ ਅਰਥ ਸਮਝਣ ਲੱਗਾ। ਚਿੱਤਰਕਾਰ, ਗਾਇਕ ਤਾਂ ਬੜਾ ਰਿਆਜ਼ ਕਰਦੇ ਹਨ, ਅਸੀਂ ਐਕਟਰ ਕੀ ਕਰਦੇ ਹਾਂ। ਜਿਮ ਵਿੱਚ ਜਾਣਾ ਕੋਈ ਰਿਆਜ਼ ਨਹੀਂ ਹੁੰਦਾ।

ਮੈਂ ਜਾਣਬੁੱਝ ਕੇ ਆਪਣੀ ਬਾਡੀ ਅਜਿਹੀ ਨਹੀਂ ਬਣਾਈ ਕਿ ਮੈਨੂੰ ਸਿਰਫ ਉਹੋ ਜਿਹੇ ਹੀ ਕਿਰਦਾਰ ਮਿਲਣ। ਮੈਨੂੰ ਵਰਾਇਟੀ ਪਸੰਦ ਹੈ। 'ਸਰਬਜੀਤ' ਲਈ ਮੈਂ ਭਾਰ ਘੱਟ ਕੀਤਾ। ਮੈਂ ਬਾਡੀ ਬਣਾ ਕੇ ਕੋਈ ਹੋਰ ਰੋਲ ਵੀ ਕਰ ਸਕਦਾ ਸੀ, ਪਰ ਮੈਂ ਇੱਕ ਆਰਟਿਸਟ ਦੇ ਕਿਰਦਾਰ 'ਤੇ ਮਿਹਨਤ ਕੀਤੀ।'' ਰਣਦੀਪ ਹਾਲੀਵੁੱਡ ਫਿਲਮ 'ਐਕਸਟ੍ਰੈਕਸ਼ਨ' ਵਿੱਚ ਨਜ਼ਰ ਆਏ ਸਨ। ਇਸ ਦੇ ਬਾਅਦ ਤੋਂ ਉਨ੍ਹਾਂ ਨੂੰ ਅੰਤਰਰਾਸ਼ਟਰੀ ਫਿਲਮਾਂ ਦੇ ਆਫਰ ਆਉਣ ਲੱਗੇ ਹਨ।



## ਆਪਣੇ ਫੈਸਲਿਆਂ 'ਤੇ ਨਾਜ਼ ਹੈ : ਸਵਰਾ ਭਾਸਕਰ

ਸਵਰਾ ਭਾਸਕਰ ਲਗਾਤਾਰ ਵੈੱਬ ਸੀਰੀਜ਼ ਦਾ ਹਿੱਸਾ ਬਣ ਰਹੀ ਹੈ। ਅਮੇਜ਼ਾਨ ਪ੍ਰਾਈਮ ਵੀਡੀਓ 'ਤੇ ਵੈੱਬ ਸੀਰੀਜ਼ 'ਰਸਭਰੀ' ਦੀ ਚਰਚਾ ਖੱਟਣ ਦੇ ਬਾਅਦ ਇਰੋਜ਼ ਨਾਓ ਦੇ ਵੈੱਬ ਸ਼ੋਅ 'ਫਲੈਸ਼' ਵਿੱਚ ਉਹ ਨਜ਼ਰ ਆ ਰਹੀ ਹੈ। ਇਸ ਦੇ ਬਾਅਦ ਨੈੱਟਫਲਿਕਸ 'ਤੇ ਵੈੱਬ ਸੀਰੀਜ਼ 'ਭਾਗ ਬੇਨੀ ਭਾਗ' ਵਿੱਚ ਦਿਸੇਗੀ। ਕਰੀਅਰ ਦੇ ਦਸ ਸਾਲ ਦੇ ਸਫਰ ਅਤੇ ਦੂਸਰੇ



ਪਹਿਲੂਆਂ 'ਤੇ ਉਨ੍ਹਾਂ ਨਾਲ ਗੱਲਬਾਤ ਹੋਈ। ਪੇਸ਼ ਹਨ ਉਸੇ ਗੱਲਬਾਤ ਦੇ ਕੁਝ ਅੰਸ਼ :

* ਆਪਣੇ ਦਸ ਸਾਲ ਦੇ ਕਰੀਅਰ ਵਿੱਚ ਜੋ ਫੈਸਲੇ ਲਏ ਹਨ, ਉਨ੍ਹਾਂ ਤੋਂ ਕਿੰਨੇ ਸੰਤੁਸ਼ਟ ਹੋ?

– ਮੇਰਾ ਕਰੀਅਰ ਸੰਪੂਰਨ ਰਿਹਾ ਹੈ, ਜਿਸ ਵਿੱਚ ਹਰ ਤਰ੍ਹਾਂ ਦਾ ਅਨੁਭਵ ਹੈ। ਮੈਨੂੰ ਆਪਣੀ ਅਸਫਲਤਾ ਯਾਦ ਹੈ ਅਤੇ ਪ੍ਰਸ਼ੰਸਾ ਵੀ। ਕਈ ਵਾਰ ਇਕੱਲਾਪਣ ਮਹਿਸੂਸ ਹੋਇਆ ਤਾਂ ਕਈ ਵਾਰ ਲੱਗਾ ਕਿ ਬਹੁਤ ਸਾਰੇ ਲੋਕ ਮੇਰੇ ਆਸਪਾਸ ਹਨ, ਜੋ ਮੇਰਾ ਸਾਥ ਦੇ ਰਹੇ ਹਨ। ਏਦਾਂ ਲੱਗਦਾ ਹੈ ਕਿ ਆਪਣੇ ਦਸ ਸਾਲ ਦੇ ਕਰੀਅਰ ਵਿੱਚ ਮੈਂ ਚਾਲੀ ਸਾਲ ਦਾ ਕਰੀਅਰ ਜੀਅ ਲਿਆ ਹੈ। ਮੈਨੂੰ ਆਪਣੇ ਕਿਸੇ ਕੰਮ 'ਤੇ ਸ਼ਰਮਿੰਦਗੀ ਤੇ ਅਫਸੋਸ ਨਹੀਂ ਹੋਇਆ। ਆਪਣੀਆਂ ਫਿਲਮਾਂ ਅਤੇ ਕਲਾ ਦੇ ਜ਼ਰੀਏ ਮੈਂ ਹਮੇਸ਼ਾ ਸਿਨੇ ਪ੍ਰੇਮੀਆਂ ਦੇ ਦਿਲਾਂ ਵਿੱਚ ਰਹਾਂਗੀ।

* 'ਫਲੈਸ਼' ਵਿੱਚ ਤੁਸੀਂ ਪੁਲਸ ਅਫਸਰ ਬਣੇ ਹੋ। ਅਜਿਹੇ ਮੌਕੇ ਅਭਿਨੇਤਰੀਆਂ ਨੂੰ ਘੱਟ ਹੀ ਮਿਲਦੇ ਹਨ। ਇਸ 'ਤੇ ਕੀ ਕਹਿਣਾ ਚਾਹੋਗੇ?

– ਸ਼ੋਅ ਦੀ ਸਕ੍ਰਿਪਟ ਬਹੁਤ ਵਧੀਆ ਤੇ ਜ਼ਰੂਰੀ ਸੀ। 'ਮਰਦਾਨੀ' ਤੇ 'ਲਵ ਸੋਨੀਆ' ਵਰਗੀਆਂ ਫਿਲਮਾਂ ਵਿੱਚ ਇਸ 'ਤੇ ਗੱਲ ਕੀਤੀ ਗਈ ਹੈ। ਮੈਨੂੰ ਪਹਿਲੀ ਵਾਰ ਪੁਲਸ ਦੀ ਵਰਦੀ ਪਹਿਨਣ ਦਾ ਮੌਕਾ ਮਿਲਿਆ। ਅਭਿਨੇਤਾ ਪੁਲਸ ਦਾ ਰੋਲ ਕਰ ਲੈਂਦੇ ਹਨ, ਪਰ ਅਭਿਨੇਤਰੀਆਂ ਨੂੰ ਅਜਿਹੇ ਮੌਕੇ ਘੱਟ ਮਿਲਦੇ ਹਨ। ਮੇਰੇ ਪਿਤਾ ਇੰਡੀਅਨ ਨੇਵੀ 'ਚੋਂ ਸੇਵਾਮੁਕਤ ਹਨ। ਮੈਂ ਬਚਪਨ ਵਿੱਚ ਵਰਦੀ ਦੀ ਅਹਿਮੀਅਤ ਤੇ ਮਰਿਆਦਾ ਦੇਖੀ ਅਤੇ ਸਮਝੀ ਹੈ। ਅੱਜ ਵੀ ਮਨੁੱਖੀ ਤਸਕਰੀ ਹੁੰਦੀ ਹੈ। ਇਹ ਬਹੁਤ ਦੁਖਦਾਇਕ ਗੱਲ ਹੈ। ਇਸ ਵੈਬ ਸੀਰੀਜ਼ ਵਿੱਚ ਇਸ ਮੁੱਦੇ ਤੇ ਬਰੀਕੀ ਨਾਲ ਕੰਮ ਕੀਤਾ ਗਿਆ ਹੈ।

* ਸੈਂਸਰਸ਼ਿਪ ਨਾ ਹੋਣ ਕਾਰਨ ਕੀ ਡਿਜੀਟਲ 'ਤੇ ਆਜ਼ਾਦੀ ਮਹਿਸੂਸ ਕਰਦੇ ਹੋ?

– ਮੇਰੇ ਖਿਆਲ ਨਾਲ ਸੈਂਸਰਸ਼ਿਪ ਇਸ ਪਲੇਟਫਾਰਮ 'ਤੇ ਹੋਣੀ ਹੀ ਨਹੀਂ ਚਾਹੀਦੀ। ਕੰਟੈਂਟ ਦਿਖਾਉਣ ਤੋਂ ਪਹਿਲਾਂ ਦੱਸ ਦਿੱਤਾ ਜਾਂਦਾ ਹੈ ਕਿ ਕਿਸ ਉਮਰ ਦੇ ਲੋਕ ਉਸ ਨੂੰ ਦੇਖ ਸਕਦੇ ਹਨ। ਸੈਂਸਰਸ਼ਿਪ ਲਾ ਕੇ ਕਿਵੇਂ ਉਸ ਨੂੰ ਦੇਖਣ ਦੀ ਆਜ਼ਾਦੀ ਨੂੰ ਖੋਹਿਆ ਜਾ ਸਕਦਾ ਹੈ। ਓ ਟੀ ਟੀ ਉਤੇ ਨਵੇਂ ਕਿਸਮ ਦਾ ਕੰਟੈਂਟ ਘੱਟ ਦੇਖ ਪਾ ਰਹੇ ਹਨ, ਕਿਉਂਕਿ ਇਥੇ ਆਜ਼ਾਦੀ ਹੈ, ਇਹ ਵੱਡੇ ਪਰਦੇ 'ਤੇ ਮੁਮਕਿਨ ਨਹੀਂ ਹੈ। ਮੈਨੂੰ ਇੱਕ ਗੱਲ ਸਮਝ ਨਹੀਂ ਆਉਂਦੀ ਹੈ ਕਿ ਲੜਕੀਆਂ ਦਾ ਅਪਸ਼ਬਦ ਕਹਿਣਾ ਇੰਨਾ ਵੱਡਾ ਮੁੱਦਾ ਕਿਉਂ ਬਣਾ ਦਿੱਤਾ ਜਾਂਦਾ ਹੈ। ਅਪਸ਼ਬਦ ਤਦ ਨਿਕਲਦੇ ਹਨ, ਜਦ ਇਨਸਾਨ ਗੁੱਸੇ ਵਿੱਚ ਹੋਵੇ। ਪੁਰਸ਼ ਤੇ ਮਹਿਲਾ ਦੋਵਾਂ ਨੂੰ ਗੁੱਸਾ ਆਉਂਦਾ ਹੈ। ਫਿਲਮਾਂ ਵਿੱਚ ਔਰਤਾਂ ਨੂੰ ਬਹੁਤ ਸਭਿਆ, ਫਰਿਸ਼ਤਾ ਦਿਖਾਇਆ ਹੈ, ਜਿਵੇਂ ਉਹ ਇਨਸਾਨ ਹੀ ਨਹੀਂ। ਪੁਰਸ਼ ਨੂੰ ਐਂਗਰੀ ਯੰਗ ਮੈਨ, ਦੇਵਦਾਸ ਵਜੋਂ ਦੇਖ ਸਕਦੇ ਹਨ, ਜੋ ਗੁੱਸਾ ਕੱਢ ਸਕਦਾ ਹੈ, ਗਲਤੀਆਂ ਕਰ ਸਕਦਾ ਹੈ, ਫਿਰ ਵੀ ਹੀਰੋ ਹੈ। ਜੇ ਕੋਈ ਔਰਤ ਏਦਾਂ ਕਰੇ ਤਾਂ ਉਸ ਨੂੰ ਖਲਨਾਇਕਾ ਬਣਾ ਦਿੱਤਾ ਜਾਂਦਾ ਹੈ। ਮਹਿਲਾ ਕਿਰਦਾਰਾਂ ਨੂੰ ਸੱਚ ਦੇ ਨੇੜੇ ਰੱਖਣ ਦੀ ਜ਼ਰੂਰਤ ਹੈ। ਤਦ ਉਨ੍ਹਾਂ ਦੇ ਦੂਸਰੇ ਰੂਪ ਲੋਕਾਂ ਤੱਕ ਸਹੀ ਤਰੀਕੇ ਨਾਲ ਪਹੁੰਚਣਗੇ।

* ਤੁਹਾਡੇ ਬਾਹਰੀ ਵਿਅਕਤੀਤਵ ਦਾ ਅਸਰ ਕੀ ਕਿਰਦਾਰਾਂ ਦੀ ਪੇਸ਼ਕਸ਼ 'ਤੇ ਵੀ ਪੈਂਦਾ ਹੈ?

–ਬਿਲਕੁਲ ਪੈਂਦਾ ਹੈ। ਅੱਜਕੱਲ੍ਹ ਮੈਨੂੰ ਕ੍ਰਾਂਤੀਕਾਰੀ ਔਰਤਾਂ ਦੇ ਕਿਰਦਾਰ ਮਿਲ ਰਹੇ ਹਨ। ਮੈਂ ਆਫਰ 'ਤੇ ਨਹੀਂ, ਬਲਕਿ ਜੋ ਕੰਮ ਚੁਣ ਰਹੀ ਹਾਂ, ਉਸ 'ਤੇ ਕੰਟਰੋਲ ਰੱਖ ਸਕਦੀ ਹਾਂ। ਆਪਣੇ ਕਰੀਅਰ ਵਿੱਚ ਮੈਂ ਅਲੱਗ ਤਰ੍ਹਾਂ ਦੇ ਕਿਰਦਾਰ ਕੀਤੇ ਹਨ। ਆਪਣੇ ਵੱਲੋਂ ਨਵਾਂ ਕਰਨ ਦੀ ਕੋਸ਼ਿਸ਼ ਕਰਦੀ ਹਾਂ। ਨਵਾਂ ਕਰਾਂਗੀ, ਤਦ ਹੀ ਸਿੱਖਾਂਗੀ।

* ਦਸ ਸਾਲ ਦੇ ਕਰੀਅਰ ਵਿੱਚ ਫਿਲਮਾਂ ਬਾਰੇ ਪਸੰਦ ਕਿੰਨੀ ਬਦਲ ਗਈ ਹੈ?

– ਮੈਨੂੰ ਇੰਡਸਟਰੀ ਦੇ ਕੰਮ ਕਰਨ ਦਾ ਤਰੀਕਾ ਸਮਝ ਆ ਗਿਆ ਹੈ। ਕੁਝ ਸਕ੍ਰਿਪਟਾਂ ਅਜਿਹੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਦੇਖ ਕੇ ਪਤਾ ਲੱਗਦਾ ਹੈ ਕਿ ਕਿਸ ਪਲੇਟਫਾਰਮ 'ਤੇ ਚੱਲਣਗੀਆਂ। ਡਿਸਟ੍ਰੀਬਿਊਸ਼ਨ ਪੈਟਰਨ ਸਮਝ ਆ ਗਿਆ। ਬਾਕਸ ਆਫਿਸ ਦੇਖ ਕੇ ਮੈਂ ਕਦੇ ਫਿਲਮ ਨਹੀਂ ਚੁਣਦੀ। 'ਨਿਲ ਬਟੇ ਸੰਨਾਟਾ' ਫਿਲਮ ਨੂੰ ਪੇਪਰ 'ਤੇ ਦੇਖ ਕੇ ਕੋਈ ਵੀ ਟ੍ਰੇਡ ਐਨਾਲਿਸਟ ਕਹਿੰਦਾ ਹੈ ਕਿ ਇਹ ਫਿਲਮ ਨਹੀਂ ਚੱਲੇਗੀ, ਪਰ ਮੈਨੂੰ ਕਹਾਣੀ ਅਤੇ ਕਿਰਦਾਰ ਸਮਝ ਵਿੱਚ ਆ ਰਿਹਾ ਹੈ ਤਾਂ ਮੈਂ ਫਿਲਮ ਕਰ ਲੈਂਦੀ ਹਾਂ। ਦਰਸ਼ਕਾਂ ਤੱਕ ਮੇਰੀ ਕਲਾ ਪਹੁੰਚਣੀ ਚਾਹੀਦੀ ਹੈ।

* ਸੋਸ਼ਲ ਮੀਡੀਆ 'ਤੇ ਜਿਸ ਤਰ੍ਹਾਂ ਦੀ ਪ੍ਰਤੀਕਿਰਿਆ ਮਿਲਦੀ ਹੈ, ਕੀ ਉਹ ਸੈਲੀਬ੍ਰਿਟੀ 'ਤੇ ਦਬਾਅ ਪਾਉਂਦੀ ਹੈ?

– ਸੋਸ਼ਲ ਮੀਡੀਆ ਦੀ ਆਪਣੀ ਅਸਲੀਅਤ ਹੈ, ਪਰ ਜ਼ਰੂਰੀ ਨਹੀਂ ਕਿ ਉਹ ਜ਼ਮੀਨੀ ਹਕੀਕਤ ਨਾਲ ਮੇਲ ਖਾਂਦੀ ਹੋਵੇ। ਮੈਂ ਫਿਲਮ 'ਵੀਰੇ ਦੀ ਵੈਡਿੰਗ' ਦੌਰਾਨ ਇਸ ਨੂੰ ਕਰੀਬ ਤੋਂ ਮਹਿਸੂਸ ਕੀਤਾ। ਫਿਲਮ 'ਤੇ ਵਿਵਾਦ ਹੋਇਆ ਸੀ, ਪਰ ਉਹ ਸੌ ਕਰੋੜ ਦਾ ਬਿਜ਼ਨਸ ਪਾਸ ਕਰ ਗਈ। ਸੋਸ਼ਲ ਮੀਡੀਆ 'ਤੇ ਨਜ਼ਰੀਏ ਦਾ ਗੇਮ ਹੈ। ਇਥੇ ਇੱਕ ਝੁੰਡ ਹੈ। ਸੋਸ਼ਲ ਮੀਡੀਆ 'ਤੇ ਅਕਸਰ ਮੈਂ ਨਿਸ਼ਾਨੇ 'ਤੇ ਹੁੰਦੀ ਹਾਂ, ਕਿਉਂਕਿ ਮੈਂ ਆਪਣੇ ਆਦਰਸ਼ਾਂ ਦੇ ਨਾਲ ਖੜ੍ਹੀ ਰਹਿੰਦੀ ਹਾਂ। ਆਵਾਜ਼ ਚੁੱਕਦੀ ਹਾਂ।

## ਵਿਧੁਤ ਨੇ 'ਖੁਦਾ ਹਾਫਿਜ਼' ਨੂੰ ਵੱਡੀ ਓਪਨਿੰਗ ਫਿਲਮ ਦੱਸਿਆ



'ਖੁਦਾ ਹਾਫਿਜ਼' ਵਿਧੁਤ ਜਮਵਾਲ ਦੀ ਸਭ ਤੋਂ ਵੱਡੀ ਓਪਨਿੰਗ ਵਾਲੀ ਫਿਲਮ ਬਣ ਗਈ ਹੈ। ਅਜਿਹਾ ਖੁਦ ਵਿਧੁਤ ਦਾ ਦਾਅਵਾ ਹੈ। 'ਖੁਦਾ ਹਾਫਿਜ਼' ਮੇਰੀ ਸਭ ਤੋਂ ਵੱਡੀ ਓਪਨਿੰਗਸ ਵਿੱਚੋਂ ਇੱਕ ਹੈ ਤੇ ਇਹ ਸਫਲਤਾ ਦਰਸ਼ਕਾਂ ਅਤੇ ਪੂਰੀ ਫਿਲਮ ਦੀ ਟੀਮ ਦੇ ਲਗਾਤਾਰ ਸਹਿਯੋਗ ਅਤੇ ਸ਼ਲਾਘਾ ਦੇ ਬਿਨਾਂ ਸੰਭਵ ਨਹੀਂ ਸੀ। 'ਸਮੀਰ' ਦਾ ਕਿਰਦਾਰ ਮੇਰੇ ਲਈ ਦਿਲਚਸਪ ਅਤੇ ਚੁਣੌਤੀ ਪੂਰਨ ਸੀ। ਨਾਲ ਹੀ ਮੈਨੂੰ ਇਸ ਤੋਂ ਬਹੁਤ ਕੁਝ ਸਿੱਖਣ ਨੂੰ ਵੀ ਮਿਲਿਆ। ਇਸ ਨੇ ਮੈਨੂੰ ਆਪਣਾ ਹੁਨਰ ਦਿਖਾਉਣ ਦਾ ਮੌਕਾ ਦਿੱਤਾ। ਡਾਇਰੈਕਟਰ ਲੇਖਕ ਫਾਰੂਖ ਕਬੀਰ ਨੇ ਕਿਹਾ, 'ਖੁਦਾ ਹਾਫਿਜ਼' ਕਈ ਤਰ੍ਹਾਂ ਨਾਲ ਮੇਰਾ ਨਿੱਜੀ ਅਨੁਭਵ ਹੈ। ਮੈਨੂੰ ਖੁਸ਼ੀ ਹੈ ਕਿ ਵਿਧੁਤ, ਟੀਮ ਅਤੇ ਮੇਰੇ ਯਤਨਾਂ ਨੂੰ ਅੱਜ ਦਰਸ਼ਕਾਂ ਨੇ ਇੰਨਾ ਪਸੰਦ ਕੀਤਾ।

## ਕਾਮੇਡੀਅਨ ਹੋਣ ਦੇ ਨਾਤੇ ਆਪਣੀ ਅਪੀਅਰੈਂਸ ਨੂੰ ਬਦਲਦੇ ਰਹਿਣਾ ਪੈਂਦਾ ਹੈ: ਵੀਰਦਾਸ



ਫਿਲਮ, ਵੈਬ ਸੀਰੀਜ਼ ਤੇ ਸਟੈਂਡਅਪ ਕਾਮੇਡੀ ਦਾ ਸੰਤੁਲਨ ਬਣਾ ਕੇ ਚੱਲਣਾ ਪਸੰਦ ਕਰਦੇ ਹਨ ਵੀਰਦਾਸ। ਇੱਕ ਲਾਈਵ ਮੌਕੇ ਉਨ੍ਹਾਂ ਨੇ ਦੱਸਿਆ, 'ਪੂਰੀ ਜ਼ਿੰਦਗੀ ਮੈਂ ਸਿਰਫ ਵੈਨਿਟੀ ਵੈਨ ਵਿੱਚ ਨਹੀਂ ਕੱਢ ਸਕਦਾ, ਮੇਰੇ ਲਈ ਟਰੈਵਲ ਕਰਨਾ ਬਹੁਤ ਜ਼ਰੂਰੀ ਹੈ। ਇਸ ਲਈ ਕਿਰਦਾਰਾਂ ਬਾਰੇ ਵੀ ਚੌਕੰਨਾ ਰਹਿੰਦਾ ਹਾਂ। ਉਹੀ ਕੰਮ ਕਰਦਾ ਹਾਂ, ਜੋ ਦਿਲਚਸਪ ਹੋਵੇ। ਕਾਮੇਡੀਅਨ ਹੋਣ ਕਰ ਕੇ ਹਮੇਸ਼ਾ ਆਪਣੀ ਅਪੀਅਰੈਂਸ ਨੂੰ ਬਦਲਣ ਲਈ ਦਿਲਚਸਪ ਕਿਰਦਾਰ ਕਰਨੇ ਪੈਂਦੇ ਹਨ, ਜਿਨ੍ਹਾਂ ਵਿੱਚ ਅਲੱਗ ਸ਼ੇਡਸ ਹੋਣ, ਜਿਵੇਂ ਮੈਂ 'ਹਸਮੁਖ' ਵੈਬ ਸੀਰੀਜ਼ ਕੀਤੀ ਸੀ। ਲੋਕ ਅਕਸਰ ਕਾਮੇਡੀਅਨ ਬਾਰੇ ਇਹ ਸਮਝਦੇ ਹਨ ਕਿ ਉਹ ਹਮੇਸ਼ਾ ਹੱਸਦਾ ਰਹਿੰਦਾ ਹੋਵੇਗਾ, ਪਰ ਅਜਿਹਾ ਨਹੀਂ ਹੈ। ਮੇਰੇ ਦਰਸ਼ਕ ਇਹ ਗੱਲ ਜਾਣਦੇ ਹਨ। ਵੀਰਦਾਸ ਕਹਿੰਦੇ ਹਨ, ''ਕਈ ਵਾਰ ਅਸੀਂ ਇਨ੍ਹਾਂ ਚੀਜ਼ਾਂ ਵਿੱਚ ਕਾਮੇਡੀ ਤਲਾਸ਼ਦੇ ਹਾਂ, ਜੋ ਇੰਟੈਲੀਜੈਂਟ ਕਾਮੇਡੀ ਹੋਵੇ, ਪਰ ਕਈ ਵਾਰ ਉਨਾਂ ਚੀਜ਼ਾਂ 'ਚੋਂ ਕਾਮੇਡੀ ਨਿਕਲਦੀ ਹੈ, ਜੋ ਇੰਟੈਲੀਜੈਂਟ ਨਾ ਹੋਵੇ। ਮੈਂ ਤਾਂ ਹੱਸਣ ਦੇ ਲਈ ਬੇਵਕੂਫੀ ਵਾਲੀਆਂ ਮਸਾਲਾ ਫਿਲਮਾਂ ਵੀ ਦੇਖਦਾ ਹਾਂ।'' ਵੀਰਦਾਸ ਇਨ੍ਹੀਂ ਦਿਨੀਂ ਗੋਆ ਵਿੱਚ ਪਤਨੀ ਦੇ ਨਾਲ ਹਨ। ਉਥੇ ਉਨ੍ਹਾਂ ਨੇ ਆਪਣਾ ਘਰ ਬਣਾਇਆ ਹੈ, ਜਿੱਥੇ ਉਹ ਛੁੱਟੀਆਂ ਵਿੱਚ ਵਕਤ ਬਿਤਾਉਂਦੇ ਹਨ।

## ਨਵੇਂ ਹਾਲਾਤਾਂ ਵਿੱਚ ਸ਼ੂਟਿੰਗ ਕਰਨਾ ਮੁਸ਼ਕਲ : ਉਰਵਸ਼ੀ ਰੌਤੇਲਾ



ਅਭਿਨੇਤਰੀ ਉਰਵਸ਼ੀ ਰਾਤੌਲੇ ਆਪਣੀ ਪਹਿਲੀ ਤੇਲਗੂ ਫਿਲਮ 'ਬਲੈਕ ਰੋਜ਼' ਦੀ ਸ਼ੂਟਿੰਗ ਲਈ ਸ਼ਹਿਰ ਵਿੱਚ ਹੈ ਅਤੇ ਉਸ ਦਾ ਕਹਿਣਾ ਹੈ ਕਿ ਨਵੇਂ ਹਾਲਾਤ ਵਿੱਚ ਸ਼ੂਟਿੰਗ ਕਰਨਾ ਮੁਸ਼ਕਲ ਹੈ, ਪਰ ਕੰਮ ਜ਼ਰੂਰੀ ਜਾਰੀ ਰਹਿਣਾ ਚਾਹੀਦਾ ਹੈ। ਉਰਵਸ਼ੀ ਨੇ ਸੰਪਤ ਨੰਦੀ ਦੇ ਨਿਰਦੇਸ਼ਨ ਵਾਲੀ ਫਿਲਮ ਦੀ ਸ਼ੂਟਿੰਗ ਦੇ ਬਾਰੇ ਕਿਹਾ, ''ਕੋਵਿਡ ਮਹਾਮਾਰੀ ਕਾਰਨ ਅਸੀਂ ਸਾਰੇ ਚੌਕਸੀ ਉਪਾਵਾਂ ਦੀ ਪਾਲਣਾ ਕਰ ਰਹੇ ਹਾਂ। ਇਹ 'ਲਾਈਟਸ, ਕੈਮਰਾ, ਮਾਸਕ ਲਗਾਨਾ ਅਤੇ ਐਕਸ਼ਨ ਹੈ।'' ਫਿਲਮ ਹਿੰਦੀ ਵਿੱਚ ਵੀ ਰਿਲੀਜ਼ ਹੋਵੇਗੀ। ਉਸ ਨੇ ਕਿਹਾ, ਉਸ ਦਾ ਕਿਰਦਾਰ ਵਿਲੀਅਮ ਸ਼ੇਕਸਪੀਅਰ ਦੇ ਨਾਟਕ 'ਦ ਮਰਚੈਂਟ ਆਫ ਵੈਨਿਸ' ਸ਼ਾਇਲਾਕ ਦੀ ਤਰ੍ਹਾਂ ਹੈ ਤੇ 'ਬਲੈਕ ਰੋਜ਼' ਕੌਟਿਲਯ ਦੇ 'ਅਰਥਸ਼ਾਸਤਰ' ਦੇ ਦ੍ਰਿਸ਼ਟੀਕੋਣ ਨਾਲ ਸੰਬੰਧਤ ਹੈ। ਫਿਲਮ ਵਿੱਚ ਉਹ 'ਲੋਟਸ ਕੈਪੀਟਲਸ' ਕੰਪਨੀ ਦੀ ਮਾਲਕਣ ਹੈ। ਕੋਵਿਡ ਪਾਬੰਦੀਆਂ ਦੇ ਬਾਵਜੂਦ ਉਰਵਸ਼ੀ ਦਾ ਕਹਿਣਾ ਹੈ ਕਿ ਸੈੱਟ 'ਤੇ ਵਾਪਸ ਆ ਕੇ ਉਸ ਨੂੰ ਚੰਗਾ ਲੱਗ ਰਿਹਾ ਹੈ।


CANOPY TOWERS
NEW CONDOS COMING SOON
Beautiful nature, luxurious amenities, a rooftop lifestyle park, close to urban conveniences, in vibrant downtown Mississauga.
Starting From $440,900
FREE ASSIGNMENT
PERMISSION TO LEASE DURING OCCUPANCY
CAPPED DEVELOPMENT CHARGERS
QUICK FACTS
Developer: Liberty Developments
Nearest Intersection: Hurontario & Eglinton
Suite Types: 1 Bedroom – 3 Bedroom Suites
EXTENDED DEPOSIT STRUCTURE
$5,000 with offer
Balance to 5% in 30 days
2.5% in 60 days
2.5% in 90 days
2.5% in 370 days
2.5% in 540 days
5% on Occupancy
Canopy Towers - Building A
Exterior Rendering - Dusk View by Liberty Development
Residential
Commercial
Investment
Century 21
President Realty Inc
Brokerage*
Independently Owned and Operated.
Grewalhomes.com
Jagdish Grewal
Sales Representative
416 877-6464
or E-mail Jagdish@grewalhomes.com


afc
ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017

